ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

***

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 127
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 9 May, 2026) ਸ਼ਨੀਵਾਰ, 9 ਮਈ, 2026, 26 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਜੰਮੂ-ਕਸ਼ਮੀਰ 'ਚ ਲੱਗੇ ਭੂਚਾਲ ਦੇ ਝਟਕੇ

ਜੰਮੂ, 8 ਮਈ (ਚ.ਨ.ਸ.): ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਅੱਜ ਸਵੇਰੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਨੈਸ਼ਨਲ ਸੈਂਟਰ ਫਾਰ ਸੀਸਮੋਲੋਜੀ ਦੇ ਅਨੁਸਾਰ ਭੂਚਾਲ ਦੀ ਤੀਬਰਤਾ ਰਿਕਟਰ ਪੈਮਾਨੇ 'ਤੇ 3.5 ਮਾਪੀ ਗਈ। ਭੂਚਾਲ ਦੇ ਝਟਕੇ ਮਹਿਸੂਸ ਹੁੰਦੇ ਹੀ ਲੋਕ ਡਰ ਕੇ ਆਪਣੇ ਘਰਾਂ ਤੋਂ ਬਾਹਰ ਆ ਗਏ। ਰਿਪੋਰਟਾਂ ਅਨੁਸਾਰ, ਭੂਚਾਲ ਅੱਜ ਸਵੇਰੇ 09:57:54 ਵਜੇ ਆਇਆ। ਇਸਦਾ ਕੇਂਦਰ ਕਿਸ਼ਤਵਾੜ ਖੇਤਰ ਵਿੱਚ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਭੂਚਾਲ ਦਾ ਅਕਸ਼ਾਂਸ਼ 33.289 ਉੱਤਰ ਅਤੇ ਰੇਖਾਂਸ਼ 76.739 ਪੂਰਬ ਦਰਜ ਕੀਤਾ ਗਿਆ।ਫਿਲਹਾਲ ਹਲਕੇ ਲੱਗੇ ਭੂਚਾਲ ਦੇ ਝਟਕਿਆਂ ਕਾਰਨ ਕਿਸੇ ਵੀ ਤਰ੍ਹਾਂ ਦੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

ਮਾਨ ਸਰਕਾਰ ਨੇ ਨਿਭਾਇਆ
ਆਪਣਾ ਹਰ ਇੱਕ ਵਾਅਦਾ

ਮੇਰੀ ਰਸੋਈ ਯੋਜਨਾ
ਦੀ ਸ਼ੁਰੂਆਤ

40 ਲੱਖ
ਲੋੜਵੰਦ ਪਰਿਵਾਰਾਂ ਨੂੰ
ਮਿਲੇਗਾ ਮੁਫ਼ਤ ਰਾਸ਼ਨ



- 2 ਕਿਲੋ ਛੋਲਿਆਂ ਦੀ ਦਾਲ
- 2 ਕਿਲੋ ਖੰਡ
- 2 ਕਿਲੋ ਨਮਕ
- 200 ਗ੍ਰਾਮ ਹਲਦੀ ਪਾਊਡਰ
- 1 ਲੀਟਰ ਸਰ੍ਹੋਂ ਦਾ ਤੇਲ



"ਹਰ ਪਰਿਵਾਰ ਨੂੰ ਸਨਮਾਨ ਨਾਲ ਦੋ ਵੇਲੇ ਦੀ ਰੋਟੀ ਮਿਲਣਾ ਉਸ ਦਾ ਬੁਨਿਆਦੀ ਹੱਕ ਹੈ। "ਮੇਰੀ ਰਸੋਈ ਯੋਜਨਾ" ਇਸੇ ਹੱਕ ਨੂੰ ਯਕੀਨੀ ਬਣਾਉਣ ਦੀ ਦਿਸ਼ਾ ਵਿੱਚ ਸਾਡਾ ਇੱਕ ਮਜ਼ਬੂਤ ਕਦਮ ਹੈ। ਅਸੀਂ ਰਾਜਨੀਤੀ ਨੂੰ ਸਿਰਫ਼ ਵਾਅਦਿਆਂ ਤੱਕ ਸੀਮਤ ਨਹੀਂ ਰੱਖਦੇ, ਸਗੋਂ ਆਮ ਇਨਸਾਨ ਦੀ ਥਾਲੀ ਤੱਕ ਸਿੱਧਾ ਇਨਸਾਫ਼ ਪਹੁੰਚਾਉਂਦੇ ਹਾਂ।"

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 127
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 9 May, 2026) ਸ਼ਨੀਵਾਰ, 9 ਮਈ, 2026, 26 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਸਿੱਖਿਆ ਬੋਰਡ ਵੱਲੋਂ 10ਵੀਂ ਤੇ 12ਵੀਂ ਦੇ ਨਤੀਜਿਆਂ ਦੀਆਂ ਤਰੀਕਾਂ ਦਾ ਐਲਾਨ

ਚੰਡੀਗੜ੍ਹ, 8 ਮਈ (ਚ.ਨ.ਸ.):ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐੱਸ.ਈ.ਬੀ.) ਵੱਲੋਂ ਮਾਰਚ, 2026 ਵਿੱਚ ਲਈਆਂ ਗਈਆਂ 10ਵੀਂ ਅਤੇ 12ਵੀਂ ਸ਼੍ਰੇਣੀ ਦੀਆਂ ਸਾਲਾਨਾ ਪ੍ਰੀਖਿਆਵਾਂ ਦਾ 10ਵੀਂ ਸ਼੍ਰੇਣੀ ਦਾ ਨਤੀਜਾ 11 ਮਈ ਨੂੰ ਐਲਾਨਿਆ ਜਾਵੇਗਾ, ਜਦੋਂ ਕਿ 12ਵੀਂ ਸ਼੍ਰੇਣੀ ਦਾ ਨਤੀਜਾ 13 ਮਈ ਨੂੰ ਜਾਰੀ ਹੋਵੇਗਾ। ਇਸ ਸਬੰਧੀ ਸਭ ਤੋਂ ਪਹਿਲਾਂ ਅਧਿਕਾਰਤ ਅਪਡੇਟ ਵੈਬਸਾਈਟ 'ਤੇ ਉਪਲਬਧ ਹੋਵੇਗੀ। ਸਾਲ 2026 ਲਈ ਅਜੇ ਤੱਕ ਕਿਸੇ ਵੀ ਐਸ.ਐਮ.ਐਸ. ਸੇਵਾ ਦਾ ਐਲਾਨ ਨਹੀਂ ਕੀਤਾ ਗਿਆ ਹੈ। ਇਸ ਲਈ ਸਭ ਤੋਂ ਸੁਰੱਖਿਅਤ ਤਰੀਕਾ ਇਹੀ ਹੈ ਕਿ ਅਧਿਕਾਰਤ ਵੈੱਬਸਾਈਟ ਨੂੰ ਬੁੱਕਮਾਰਕ ਕਰ ਲਿਆ ਜਾਵੇ।

GOVT. OF PUNJAB

ਹਰ ਮਜ਼ਦੂਰ ਦਾ ਸਤਿਕਾਰ ਇਹੀ ਹੈ ਸਾਡੀ ਮਾਨ ਸਰਕਾਰ



ਮਜ਼ਦੂਰਾਂ ਦੀ ਘੱਟੋ-ਘੱਟ ਉਜਰਤ ਵਿੱਚ 15% ਵਾਧਾ

ਕਾਮਿਆਂ ਦੀਆਂ ਸ਼੍ਰੇਣੀਆਂ	1-9-2025 ਅਨੁਸਾਰ ਘੱਟੋ-ਘੱਟ ਉਜਰਤ (ਪ੍ਰਤੀ ਮਹੀਨਾ)	1-5-2026 ਅਨੁਸਾਰ ਘੱਟੋ-ਘੱਟ ਉਜਰਤ (ਪ੍ਰਤੀ ਮਹੀਨਾ)
ਗ਼ੈਰ-ਹੁਨਰਮੰਦ ਕਾਮੇ	₹11,726.40	₹13,486
ਘੱਟ-ਹੁਨਰਮੰਦ ਕਾਮੇ	₹12,506.40	₹14,383
ਹੁਨਰਮੰਦ ਕਾਮੇ	₹13,403.40	₹15,414
ਵੱਧ-ਹੁਨਰਮੰਦ ਕਾਮੇ	₹14,435.40	₹16,601

"ਅਸੀਂ ਸਿਰਫ਼ ਫ਼ੈਸਲੇ ਨਹੀਂ ਲਏ, ਜ਼ਮੀਨੀ ਪੱਧਰ ਉੱਤੇ ਬਦਲਾਅ ਲਿਆ ਕੇ ਦਿਖਾਇਆ ਹੈ। ਇਹਨਾਂ ਸਾਲਾਂ ਵਿੱਚ ਅਸੀਂ ਹਰ ਮਜ਼ਦੂਰ ਤੱਕ ਉਸ ਦਾ ਹੱਕ ਪਹੁੰਚਾ ਕੇ ਭਰੋਸਾ ਮਜ਼ਬੂਤ ਕੀਤਾ ਹੈ। ਮਜ਼ਦੂਰਾਂ ਦੀ ਉਜਰਤ ਵਿੱਚ 15% ਦਾ ਵਾਧਾ ਇਸ ਇਰਾਦੇ ਦਾ ਸਬੂਤ ਹੈ ਕਿਉਂਕਿ ਮਜ਼ਦੂਰ ਦਾ ਸਤਿਕਾਰ ਹੀ ਸਾਡੀ ਤਰੱਕੀ ਦੀ ਅਸਲੀ ਪਛਾਣ ਹੈ।"

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 127
ਫ਼ੋਨ: +91- 92168-07500
E-mail: news@charhdikala.com
www.charhdikala.com

ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 9 May, 2026) ਸ਼ਨੀਵਾਰ, 9 ਮਈ, 2026, 26 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਵਿਰੁੱਧ ਪਟੀਸ਼ਨ ਖਾਰਜ

ਚੰਡੀਗੜ੍ਹ, 8 ਮਈ (ਚ.ਨ.ਸ.):ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਬਣਾਏ ਗਏ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੀ ਸੰਵਿਧਾਨਕ ਜਾਇਜ਼ਤਾ ਨੂੰ ਚੁਣੌਤੀ ਦੇਣ ਵਾਲੀ ਜਨਹਿਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਨਾ ਸਿਰਫ਼ ਪਟੀਸ਼ਨ ਰੱਦ ਕੀਤੀ, ਸਗੋਂ ਪਟੀਸ਼ਨਰ 'ਤੇ 10,000 ਰੁਪਏ ਦਾ ਜੁਰਮਾਨਾ ਵੀ ਲਾਇਆ। ਸੁਣਵਾਈ ਦੌਰਾਨ ਸਰਕਾਰੀ ਪੱਖ ਨੇ ਪਟੀਸ਼ਨਰ ਸਿਮਰਨਜੀਤ ਸਿੰਘ (ਨਿਵਾਸੀ ਜਲੰਧਰ) ਦੀ ਨੀਅਤ ਅਤੇ ਪਿਛੋਕੜ 'ਤੇ ਗੰਭੀਰ ਇਤਰਾਜ਼ ਜਤਾਏ ਸੀ।

भारत सरकार | सोमनाथ अनंत उन्नति का अनुभव

सोमलिङ्गं नरो दृष्ट्वा सर्वपापैः प्रमुच्यते।
लभते फलं मनोवाञ्छितं मृतः स्वर्गं समाश्रयेत्॥

सोमनाथ

विरासत के 75 साल

सोमनाथ भारत की अजेय सभ्यता का प्रतीक है।
1000 साल के विनाशकारी हमलों के बाद भी सोमनाथ आज हमारे आत्म-सम्मान और साहस की मिसाल बन कर खड़ा है।
75 साल पहले लौह पुरुष सरदार वल्लभभाई पटेल के संकल्प से आधुनिक सोमनाथ का मार्ग प्रशस्त हुआ।
प्रधान मंत्री श्री नरेंद्र मोदी की अगुवाई में आज यह पवित्र भूमि भारत के सांस्कृतिक पुनरुत्थान का ऐलान कर रही है।

इस सुनहरे मौके के गवाह बनें

मुख्य गतिविधियां
- कलश यात्रा
- भजन संध्या
- ओमकार मंत्र का जाप
- सोमनाथ पुस्तिका में मंत्र लेखन
- सोमनाथ से जुड़ी कथाओं का वाचन

CBC 09101/13/0005/2627

श्री सोमनाथ मंदिर कंपलैक्स, प्रभास पाटन | 8 से 11 मई, 2026

"सोमनाथ आस्था का वह गीत है जो हमें सिखाता है कि निर्माण की शक्ति विनाश से कहीं अधिक प्रबल होती है।"
- प्रधान मंत्री श्री नरेंद्र मोदी (चेयरमैन, श्री सोमनाथ ट्रस्ट)

सोमनाथ के 1000 साल की गौरवमयी विरासत का और
खुशहाल बनाने में योगदान दें।
स्कैन करें।

ਸੰਪਾਦਕੀ

ਪੰਜਾਬ ਦੇ ਮਸਲਿਆਂ ਨੂੰ ਉਭਾਰੇ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਦੀ ਬੜਕ ਕਦੇ ਦਿੱਲੀ ਤਖਤ ਦੀਆਂ ਚੂਲਾਂ ਹਿਲਾ ਦਿਆ ਕਰਦੀ ਸੀ ਪਰ 1996 ਤੋਂ ਭਾਰਤੀ ਜਨਤਾ ਪਾਰਟੀ ਨਾਲ ਕੀਤੀ ਸਾਂਝ ਭਿਆਲੀ ਅਕਾਲੀ ਦਲ ਨੂੰ ਏਨੀ ਮਹਿੰਗੀ ਪਵੇਗੀ ਕਿ ਅਕਾਲੀ ਦਲ ਦੇ ਦਿੱਗਜ਼ਾਂ ਨੂੰ ਖੁਦ ਨੂੰ ਵੀ ਇਹ ਇਲਮ ਨਹੀਂ ਸੀ। ਜਦੋਂ 1997 ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਵਾਰ ਸਰਕਾਰ ਬਣੀ ਤਾਂ ਭਾਜਪਾ ਦੇ ਸਮੁੱਚੀ ਕੈਬਨਿਟ ਵਿਚ ਦੋ ਮੰਤਰੀ ਸਨ। ਉਸ ਸਮੇਂ ਉਹ ਆਪਣੀ ਡਿਪਟੀ ਮੁੱਖ ਮੰਤਰੀ ਬਣਾਉਣ ਦੀ ਹਸਰਤ ਤਾਂ ਅੰਦਰਖਾਤੇ ਪਾਲਦੇ ਸਨ ਪਰ ਇਸ ਬਾਰੇ ਨਾ ਹੀ ਉਨ੍ਹਾਂ ਖੁੱਲਕੇ ਮੰਗ ਕੀਤੀ ਅਤੇ ਨਾ ਹੀ ਇਸਨੂੰ ਕਦੇ ਮੁੱਦਾ ਬਣਾਇਆ। 2017 ਵਿਚ ਅਕਾਲੀ ਭਾਜਪਾ ਗੱਠਜੋੜ ਸੱਤਾ ਤੋਂ ਬਾਹਰ ਹੋ ਗਿਆ। ਦੋਵਾਂ ਪਾਰਟੀਆਂ ਵਿਚ ਅੰਦਰਖਾਤੇ ਖੁਸਰ ਫੁਸਰ ਹੋਣੀ ਸ਼ੁਰੂ ਹੋ ਗਈ। ਇਸੇ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਮੌਕੇ ਵੀ ਭਾਜਪਾ ਨੇ ਚੁੱਪ ਧਾਰੀ ਰੱਖੀ ਅਤੇ ਕਿਸੇ ਕਿਸਮ ਦੀ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਹੀ ਕੀਤਾ। ਅਕਾਲੀ ਦਲ ਇਕੱਲਾ ਇਸ ਮਸਲੇ 'ਤੇ ਘਿਰਦਾ ਚਲਾ ਗਿਆ। ਇਸ ਉਪਰੰਤ ਕੇਂਦਰ ਦੀ ਮੋਦੀ ਸਰਕਾਰ ਨੇ ਤਿੰਨ ਖੇਤੀ ਬਿਲ ਲਿਆਂਦੇ ਅਤੇ ਉਨ੍ਹਾਂ ਵਿਰੁੱਧ ਇਤਿਹਾਸਕ ਵਿਰੋਧ ਉਭਰ ਕੇ ਸਾਹਮਣੇ ਆਇਆ। ਅਕਾਲੀ ਦਲ ਸ਼ੁਰੂ ਵਿਚ ਤਾਂ ਇਸ ਦੇ ਹੱਕ ਵਿਚ ਭੁਗਤਦਾ ਰਿਹਾ ਪਰ ਜਦੋਂ ਵਿਰੋਧ ਸਾਰੇ ਹੱਦਾਂ ਬੰਨੇ ਟੱਪ ਗਿਆ ਤਾਂ ਅਕਾਲੀ ਦਲ ਨੂੰ ਯੂ ਟਰਨ ਲੈਣ ਲਈ ਮਜਬੂਰ ਹੋਣਾ ਪਿਆ ਪਰ ਉਦੋਂ ਤਕ ਲੋਕਾਂ ਦੀ ਕਚਹਿਰੀ ਵਿਚ ਅਕਾਲੀ ਦਲ ਕਟਹਿਰੇ ਵਿਚ ਖੜ੍ਹਾ ਕੀਤਾ ਜਾ ਚੁੱਕਾ ਸੀ। ਭਾਵੇਂ ਉਸ ਤੋਂ ਉਪਰੰਤ ਆਪਣੀ ਕੇਂਦਰ ਵਿਚ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਤੋਂ ਅਸਤੀਫਾ ਵੀ ਦਿਵਾਇਆ ਪਰ ਇਸ ਨਾਲ ਵੀ ਲੋਕਾਂ ਖਾਸ ਤੌਰ 'ਤੇ ਸੰਘਰਸ਼ ਵਿਚ ਕੁੱਦੇ ਕਿਸਾਨਾਂ ਉਪਰ ਕੋਈ ਹਾਂ-ਪੱਖੀ ਪ੍ਰਭਾਵ ਨਾ ਪਿਆ। ਇਸ ਤੋਂ ਉਪਰੰਤ ਅਕਾਲੀ ਦਲ ਦਾ ਵੱਕਾਰ ਲਗਾਤਾਰ ਹਾਸ਼ੀਏ ਵੱਲ ਖਿਸਕਦਾ ਰਿਹਾ। ਹੈਰਾਨੀ ਤਾਂ ਉਦੋਂ ਹੋਈ ਜਦੋਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੋ ਦੇ ਹਿੰਦਸੇ ਤਕ ਵੀ ਨਾ ਪਹੁੰਚ ਸਕਿਆ। ਇਸ ਉਪਰੰਤ ਭਾਵੇਂ ਉਸਨੇ ਪ੍ਰਸਥਿਤੀਆਂ ਵਿਚੋਂ ਉਭਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਹਨ ਪਰ ਹਾਲੇ ਤਕ ਉਹ ਜਨਤਾ ਵਿਚ ਆਪਣੀ ਪੁਰਾਣੀ ਪੈਠ ਹਾਸਲ ਕਰਨ ਵਿਚ ਨਾਕਾਮਯਾਬ ਹੀ ਰਿਹਾ ਹੈ। ਜੇਕਰ ਅਕਾਲੀ ਦਲ ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਉਸਦਾ ਪੰਜਾਬੀ ਸੂਬੇ ਬਾਰੇ ਕੀਤਾ ਸੰਘਰਸ਼, ਧਰਮ ਯੁੱਧ ਮੋਰਚਾ, ਕਦੇ ਚੰਡੀਗੜ੍ਹ, ਕਦੇ ਪੰਜਾਬੀ ਬੋਲਦੇ ਇਲਾਕਿਆਂ ਅਤੇ ਕਦੇ ਪੰਜਾਬ ਦੇ ਪਾਣੀਆਂ ਬਾਰੇ ਕੇਂਦਰ ਨੂੰ ਦਿੱਤੀ ਘੁਰਕੀ ਬਹੁਤ ਰੰਗ ਲਿਆਉਂਦੀ ਸੀ। ਅਸਲੀਅਤ ਬਾਰੇ ਗੱਲ ਕਰੀਏ ਤਾਂ ਉਦੋਂ ਪੁਰਾਣੇ ਟਕਸਾਲੀ ਆਗੂ ਵਿਚਾਰਧਾਰਕ ਵਖਰੇਂਵਿਆਂ ਦੇ ਬਾਵਜੂਦ ਵੀ ਅਕਾਲੀ ਦਲ ਦੀ ਮੂਲ ਹੋਂਦ ਨਾਲ ਬੱਝੇ ਹੋਏ ਸਨ ਪਰ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਪਿੱਛੋਂ ਤਾਂ ਜਿਵੇਂ ਅਕਾਲੀ ਦਲ ਅਨਾਥ ਹੀ ਹੋ ਗਿਆ। ਇਕਸੁਰ ਹੋ ਕੇ ਫੈਸਲੇ ਲੈਣ ਅਤੇ ਕੇਂਦਰ ਨਾਲ ਮੜਿੱਕਣ ਦਾ ਉਸਦਾ ਹੌਂਸਲਾ ਹੀ ਪਸਤ ਹੋ ਕੇ ਰਹਿ ਗਿਆ। ਅਕਾਲੀ ਦਲ ਨੇ ਪਿਛਲੇ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖ਼ਤ ਮੁਹਿੰਮ ਵੀ ਚਲਾਈ ਪਰ ਪੰਜਾਬ ਦੇ ਲੋਕ ਉਸ ਤੋਂ ਵੀ ਕੋਈ ਖਾਸ ਪ੍ਰਭਾਵਿਤ ਨਹੀਂ ਹੋਏ। ਉਹ ਸਵਾਲ ਕਰਦੇ ਹਨ ਕਿ ਜਦੋਂ ਕੇਂਦਰ ਵਿਚ ਵਾਜਪਾਈ ਅਤੇ ਮੋਦੀ ਦੀ ਸਰਕਾਰ ਵੇਲੇ ਅਕਾਲੀ ਦਲ ਨੇ ਇਸ ਗੰਭੀਰ ਮੁੱਦੇ ਸਬੰਧੀ ਕੋਈ ਚਾਰਾਜੋਈ ਨਹੀਂ ਕੀਤੀ ਤਾਂ ਫਿਰ ਹੁਣ ਤਾਕਤ ਖੁੱਸਣ ਉਪਰੰਤ ਅਕਾਲੀ ਦਲ ਨੂੰ ਬੰਦੀ ਸਿੰਘਾਂ ਦਾ ਹੇਜ ਕਿਉਂ ਆਉਣ ਲੱਗਾ ਹੈ। ਪ੍ਰਸਥਿਤੀਆਂ ਦਾ ਅਧਿਐਨ ਕਰੀਏ ਤਾਂ ਅਕਾਲੀ ਦਲ ਨੂੰ ਸਾਹਮਣੇ ਦੀਵਾਰ 'ਤੇ ਉਕਰਿਆ ਹੋਇਆ ਸਾਫ-ਸਾਫ ਪੜ੍ਹਨਾ ਹੋਵੇਗਾ। ਪਿਛਲੇ ਸਮੇਂ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿਚ ਉਸਦਾ ਪ੍ਰਦਰਸ਼ਨ ਕਾਫੀ ਸੰਤੋਸ਼ਜਨਕ ਰਿਹਾ ਹੈ। ਹੁਣ ਵਕਤ ਆ ਗਿਆ ਹੈ ਕਿ ਉਸਨੂੰ ਆਤਮ ਮੰਥਨ ਕਰਦੇ ਹੋਏ। ਪ੍ਰਭਾਵੀ ਲੀਡਰਸ਼ਿਪ ਨੂੰ ਅੱਗੇ ਕਰਨਾ ਹੋਵੇਗਾ। ਟਕਸਾਲੀ ਅਕਾਲੀ ਆਗੂਆਂ ਨੂੰ ਮੁੜ ਤੋਂ ਪਾਰਟੀ ਦੀਆਂ ਮੁਹਰਲੀਆਂ ਸਫ਼ਾਂ ਵਿਚ ਸ਼ਾਮਲ ਕਰਕੇ ਅਹਿਮ ਜ਼ਿੰਮੇਵਾਰੀਆਂ ਸੌਂਪਣੀਆਂ ਹੋਣਗੀਆਂ। ਘਰ-ਘਰ ਅਤੇ ਪਿੰਡ-ਪਿੰਡ ਪਹੁੰਚ ਬਣਾਉਣੀ ਹੋਵੇਗੀ। ਪੁਰਾਣੀਆਂ ਗਲਤੀਆਂ ਤੋਂ ਸਬਕ ਲੈ ਕੇ ਜਨਤਾ ਵਿਚ ਆਪਣੀ ਪੁਰਾਣੀ ਭਲ ਦੁਬਾਰਾ ਉਭਾਰਨੀ ਹੋਵੇਗੀ ਨਹੀਂ ਤਾਂ 2027 ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਦਾ ਕਿਆਸ ਨਹੀਂ ਕੀਤਾ ਜਾ ਸਕਦਾ।

-ਜਗਜੀਤ ਸਿੰਘ ਦਰਦੀ

ਬੋਲੇ ਜਥੇਦਾਰ ਗੜਗੱਜ

ਸ੍ਰੀ ਅਕਾਲ ਤਖ਼ਤ ਦਾ ਸੰਦੇਸ਼ ਸਪੱਸ਼ਟ ਹੈ ਕਿ ਪੰਥ ਦੀ ਮਰਿਯਾਦਾ ਤੋਂ ਉੱਪਰ ਕੋਈ ਸਰਕਾਰ ਨਹੀਂ ਹੋ ਸਕਦੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

**"ਪੰਥ ਕਦੇ ਵੀ ਸਰਕਾਰਾਂ ਤੋਂ ਨਹੀਂ ਚੱਲਦਾ,
ਅਕਾਲ ਤਖ਼ਤ ਦਾ ਸੰਦੇਸ਼ : "ਧਰਮ ਤੋਂ ਉੱਪਰ ਸੱਤਾ ਨਹੀਂ"
ਅਕਾਲ ਤਖ਼ਤ ਅਤੇ ਪੰਜਾਬ ਸਰਕਾਰ ਦਾ ਟਕਰਾਅ : ਪੰਜਾਬ ਦੇ ਭਵਿੱਖ ਲਈ ਕੀ ਸੰਕੇਤ?**

ਕੱਲ੍ਹ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੜਗੱਜ ਨੇ ਸਿੱਧੇ ਤੌਰ 'ਤੇ ਪੰਥ ਪੰਜਾਬ ਤੇ ਪੰਜਾਬ ਦੇ ਲੋਕਾਂ ਲਈ ਧਰਮ ਸੱਤਾ ਤੇ ਪੰਥਕ ਰਿਸ਼ਤਿਆਂ ਨੂੰ ਆਪਣੀ ਪ੍ਰੈਸ ਕਾਨਫਰੰਸ ਵਿੱਚ ਬੜਾ ਸਪੱਸ਼ਟ ਰੂਪ ਵਿੱਚ ਕਿਹਾ ਹੈ । ਉਹਨਾਂ ਦਾ ਇਹ ਸਿਰਫ਼ ਇੱਕ ਬਿਆਨ ਨਹੀਂ ਸੀ; ਇਹ ਸਿੱਖ ਇਤਿਹਾਸ , ਬੇਅਦਬੀ ਐਕਟ, ਅਕਾਲ ਤਖ਼ਤ ਅਤੇ ਪੰਜਾਬ ਸਰਕਾਰ ਦਾ ਟਕਰਾਅ ਅਤੇ ਪੰਜਾਬ ਦੇ ਭਵਿੱਖ ਲਈ ਇਸਦੇ ਕੀ ਸੰਕੇਤ ਹਨ? ਉਸ 'ਤੇ ਸਿੱਧੀਆਂ ਗੱਲਾਂ ਤੇ ਸਿੱਧੇ ਜਵਾਬ ਸਨ । ਅੱਜ ਪੰਜਾਬ ਦੀ ਰਾਜਨੀਤੀ ਅਤੇ ਸਿੱਖ ਪੰਥ ਦੇ ਇਤਿਹਾਸ ਵਿੱਚ ਕਈ ਵਾਰ ਅਜਿਹੇ ਮੋੜ ਆਏ ਹਨ, ਜਿੱਥੇ ਧਾਰਮਿਕ ਅਧਿਕਾਰ ਅਤੇ ਰਾਜਸੀ ਸੱਤਾ ਆਪਸ ਵਿੱਚ ਟਕਰਾਏ ਹਨ। ਅੱਜ ਫ਼ਿਰ ਇੱਕ ਨਵਾਂ ਸੰਕਟ ਪੰਜਾਬ ਦੇ ਅਸਮਾਨ ਉੱਤੇ ਮੰਡਰਾ ਰਿਹਾ ਹੈ। ਬੇਅਦਬੀ ਐਕਟ ਨੂੰ ਲੈ ਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣਾ ਅਤੇ ਉੱਥੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸਰਕਾਰ ਨੂੰ ਸਖ਼ਤ ਸੰਦੇਸ਼ ਦੇਣਾ ਕੇਵਲ ਇੱਕ ਰਾਜਨੀਤਿਕ ਘਟਨਾ ਨਹੀਂ, ਸਗੋਂ ਇਹ ਸਿੱਖ ਪੰਥ, ਪੰਜਾਬੀ ਸਮਾਜ ਅਤੇ ਪੰਜਾਬ ਦੀ ਰਾਜਨੀਤਿਕ ਦਿਸ਼ਾ ਨਾਲ ਜੁੜਿਆ ਹੋਇਆ ਡੂੰਘਾ ਪ੍ਰਸੰਗ ਹੈ। ਜਦੋਂ ਜਥੇਦਾਰ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ "ਪੰਥ ਕਦੇ ਵੀ ਸਰਕਾਰਾਂ ਤੋਂ ਨਹੀਂ ਚੱਲਦਾ, ਤਾਂ ਇਹ ਸਿਰਫ਼ ਇੱਕ ਬਿਆਨ ਨਹੀਂ ਸੀ; ਇਹ ਸਿੱਖ ਇਤਿਹਾਸ ਦੀ ਉਸ ਪਰੰਪਰਾ ਦੀ ਯਾਦ ਦਿਵਾਉਂਦਾ ਹੈ ਜਿੱਥੇ ਅਕਾਲ ਤਖ਼ਤ ਹਮੇਸ਼ਾ ਸੱਤਾ ਤੋਂ ਉੱਪਰ ਇੱਕ ਆਤਮਿਕ ਅਤੇ ਨੈਤਿਕ ਅਥਾਰਟੀ ਵਜੋਂ ਖੜ੍ਹਾ ਰਿਹਾ ਹੈ।

ਅੱਜ ਇਹ ਸਾਰਾ ਮਾਮਲਾ ਹੁਣ ਸਿੱਧਾ-ਸਿੱਧਾ ਧਾਰਮਿਕ ਅਧਿਕਾਰਤਾ ਅਤੇ ਰਾਜਨੀਤਿਕ ਪ੍ਰਬੰਧ ਦੇ ਵਿਚਕਾਰ ਇੱਕ ਨਾਜ਼ੁਕ ਟਕਰਾਅ ਦਾ ਰੂਪ ਧਾਰਦਾ ਦਿਖਾਈ ਦੇ ਰਿਹਾ ਹੈ। ਸਵਾਲ ਇਹ ਨਹੀਂ ਕਿ ਬੇਅਦਬੀ ਕਾਨੂੰਨ ਬਣੇ ਜਾਂ ਨਾ ਬਣੇ; ਅਸਲ ਸਵਾਲ ਇਹ ਹੈ ਕਿ ਸਿੱਖ ਪੰਥ ਦੀ ਸਹਿਮਤੀ ਤੋਂ ਬਿਨਾਂ ਕੀ ਕੋਈ ਸਰਕਾਰ ਧਾਰਮਿਕ ਮਾਮਲਿਆਂ ਵਿੱਚ ਕਾਨੂੰਨੀ ਦਖ਼ਲ ਕਰ ਸਕਦੀ ਹੈ?

ਸਵਾਲ ਇਹ ਹੈ ਕਿ ਅੱਜ ਬੇਅਦਬੀ ਦਾ ਮਸਲਾ ਐਨਾ ਸੰਵੇਦਨਸ਼ੀਲ ਕਿਉਂ ਹੈ ? ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕੇਵਲ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵੰਤ ਗੁਰੂ ਮੰਨਿਆ ਜਾਂਦਾ ਹੈ। ਇਸ ਲਈ ਬੇਅਦਬੀ ਦਾ ਮਾਮਲਾ ਸਿਰਫ਼ ਕਾਨੂੰਨੀ ਨਹੀਂ, ਸਿੱਖ ਮਨੋਵਿਗਿਆਨ ਅਤੇ ਆਸਥਾ ਦਾ ਕੇਂਦਰੀ ਪ੍ਰਸ਼ਨ ਹੈ।

2015 ਦੀਆਂ ਬੇਅਦਬੀ ਘਟਨਾਵਾਂ ਨੇ ਪੰਜਾਬ ਦੀ ਰਾਜਨੀਤੀ ਨੂੰ ਹਿਲਾ ਦਿੱਤਾ ਸੀ। ਬਹਿਬਲ ਕਲਾਂ ਗੋਲੀਕਾਂਡ ਤੋਂ ਲੈ ਕੇ ਕੋਟਕਪੂਰਾ ਤੱਕ, ਲੋਕਾਂ ਦੇ ਮਨ ਵਿੱਚ ਇੱਕ ਗਹਿਰਾ ਗੁੱਸਾ ਅਤੇ ਅਵਿਸ਼ਵਾਸ ਪੈਦਾ ਹੋਇਆ। ਉਸ ਤੋਂ ਬਾਅਦ ਹਰ ਸਰਕਾਰ ਨੇ ਬੇਅਦਬੀ ਮਾਮਲੇ 'ਤੇ ਸਖ਼ਤ ਕਾਨੂੰਨ ਬਣਾਉਣ ਦਾ ਵਾਅਦਾ ਕੀਤਾ, ਪਰ ਕੋਈ ਢੰਗ ਦਾ ਹੱਲ ਨਹੀਂ ਨਿਕਲਿਆ।

ਹੁਣ ਜਦੋਂ ਸਰਕਾਰ ਇੱਕ ਨਵਾਂ ਬੇਅਦਬੀ ਐਕਟ ਲਿਆਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਅਕਾਲ ਤਖ਼ਤ ਅਤੇ ਪੰਥਕ ਧਿਰਾਂ ਇਹ ਮੰਨਦੀਆਂ ਹਨ ਕਿ ਇਹ ਕਾਨੂੰਨ ਪੰਥ ਦੀ ਰਜ਼ਾਮੰਦੀ ਤੋਂ ਬਿਨਾਂ ਨਹੀਂ ਬਣ ਸਕਦਾ। ਅੱਜ ਇੱਥੇ ਹੀ ਟਕਰਾਅ ਦੀ ਜੜ੍ਹ ਹੈ। ਅੱਜ ਅਕਾਲ ਤਖ਼ਤ ਦਾ ਸੰਦੇਸ਼ ਹੈ : "ਧਰਮ ਤੋਂ ਉੱਪਰ ਸੱਤਾ ਨਹੀਂ" ਸਿੱਖ ਇਤਿਹਾਸ ਵਿੱਚ ਅਕਾਲ ਤਖ਼ਤ ਸਾਹਿਬ ਸਿਰਫ਼ ਧਾਰਮਿਕ ਅਸਥਾਨ ਨਹੀਂ ਰਿਹਾ; ਇਹ ਸਿੱਖ ਕੌਮ ਦੀ ਸਰਵਉੱਚ ਅਥਾਰਟੀ ਰਿਹਾ ਹੈ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਦੇ ਕੇ ਇਹ ਸਪੱਸ਼ਟ ਕੀਤਾ ਸੀ ਕਿ ਆਤਮਿਕ ਅਤੇ ਸੰਸਾਰੀ ਦੋਵੇਂ ਅਧਿਕਾਰ ਇੱਕ-ਦੂਜੇ ਨਾਲ ਜੁੜੇ ਹੋਏ ਹਨ, ਪਰ ਧਰਮ ਦੀ ਮਰਿਆਦਾ ਹਮੇਸ਼ਾ ਉੱਪਰ ਰਹੇਗੀ। ਅੱਜ ਜਥੇਦਾਰ ਵੱਲੋਂ ਦਿੱਤਾ ਗਿਆ 15 ਦਿਨਾਂ ਦਾ ਸਮਾਂ ਕੇਵਲ ਪ੍ਰਸ਼ਾਸਕੀ ਮਿਆਦ ਨਹੀਂ; ਇਹ ਸਰਕਾਰ ਨੂੰ ਇੱਕ ਚੇਤਾਵਨੀ ਹੈ ਕਿ ਜੇਕਰ ਪੰਥਕ ਸਹਿਮਤੀ ਤੋਂ ਬਿਨਾਂ ਕਾਨੂੰਨ ਬਣਾਇਆ ਗਿਆ ਤਾਂ ਇਸਦਾ ਵਿਰੋਧ ਵੱਡੇ ਪੱਧਰ 'ਤੇ ਹੋ ਸਕਦਾ ਹੈ। ਅੱਜ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਜਥੇਦਾਰ ਨੇ ਸ਼੍ਰੋਮਣੀ ਕਮੇਟੀ, ਸੰਤ ਸਮਾਜ ਅਤੇ ਪੰਥਕ ਜਥੇਬੰਦੀਆਂ ਨਾਲ ਵਿਸਤ੍ਰਿਤ ਵਿਚਾਰ-ਚਰਚਾ ਦੀ ਗੱਲ ਕੀਤੀ ਹੈ। ਇਸਦਾ ਅਰਥ ਹੈ ਕਿ ਮਾਮਲਾ ਹੁਣ ਕੇਵਲ ਵਿਧਾਨ ਸਭਾ ਜਾਂ ਸਰਕਾਰ ਦੇ ਦਾਇਰੇ ਵਿੱਚ ਨਹੀਂ ਰਹੇਗਾ; ਇਹ ਪੰਥਕ ਅੰਦੋਲਨ ਦਾ ਰੂਪ ਵੀ ਧਾਰ ਸਕਦਾ ਹੈ।

ਅੱਜ ਪੰਜਾਬ ਸਰਕਾਰ ਦੀ ਦਿਲਚਸਪੀ ਅਤੇ ਰਾਜਨੀਤਿਕ ਦਬਾਅ ਹੈ । ਪੰਜਾਬ ਸਰਕਾਰ ਲਈ ਵੀ ਇਹ ਮਾਮਲਾ ਆਸਾਨ ਨਹੀਂ ਹੈ। ਬੇਅਦਬੀ ਦੇ ਮਾਮਲੇ 'ਤੇ ਪੰਜਾਬ ਦੀ ਜਨਤਾ ਬਹੁਤ ਸੰਵੇਦਨਸ਼ੀਲ ਹੈ ਅਤੇ ਹਰ ਰਾਜਨੀਤਿਕ ਪਾਰਟੀ ਇਹ ਦਿਖਾਉਣਾ ਚਾਹੁੰਦੀ ਹੈ ਕਿ ਉਹ ਗੁਰੂ ਘਰ ਦੀ ਮਰਿਆਦਾ ਦੀ ਰੱਖਿਆ ਲਈ ਵਚਨਬੱਧ ਹੈ ਪਰ ਮੁਸ਼ਕਲ ਇਹ ਹੈ ਕਿ ਜਦੋਂ ਸਰਕਾਰ ਧਾਰਮਿਕ ਮਾਮਲੇ ਵਿੱਚ ਕਾਨੂੰਨੀ ਹਸਤਖੇਪ ਕਰਦੀ ਹੈ, ਤਾਂ ਉਹ ਆਪਣੇ ਆਪ ਨੂੰ ਇੱਕ ਅਜਿਹੇ ਖੇਤਰ ਵਿੱਚ ਲੈ ਜਾਂਦੀ ਹੈ ਜਿੱਥੇ ਧਾਰਮਿਕ ਅਥਾਰਟੀ ਉਸਦੀ ਮਨਸ਼ਾ 'ਤੇ ਸਵਾਲ ਖੜ੍ਹੇ ਕਰ ਸਕਦੀ ਹੈ।

ਅੱਜ ਦੀ ਸਥਿਤੀ ਵਿੱਚ ਸਰਕਾਰ ਦੋਹਰੇ ਦਬਾਅ ਵਿੱਚ ਹੈ। ਇੱਕ ਪਾਸੇ ਲੋਕਾਂ ਦੀ ਮੰਗ ਹੈ ਕਿ ਬੇਅਦਬੀ ਲਈ ਸਖ਼ਤ ਸਜ਼ਾ ਹੋਵੇ। ਦੂਜੇ ਪਾਸੇ ਅਕਾਲ ਤਖ਼ਤ ਅਤੇ ਪੰਥਕ ਧਿਰਾਂ ਇਹ ਕਹਿ ਰਹੀਆਂ ਹਨ ਕਿ ਬਿਨਾਂ ਪੰਥਕ ਸਹਿਮਤੀ ਕਾਨੂੰਨ ਕਬੂਲ ਨਹੀਂ ਕੀਤਾ ਜਾ ਸਕਦਾ। ਇਹੀ ਕਾਰਨ ਹੈ ਕਿ ਮਾਮਲਾ ਹੁਣ ਰਾਜਨੀਤਿਕ ਤੋਂ ਵੱਧ ਆਤਮਿਕ ਅਤੇ ਸੰਵਿਧਾਨਕ ਸੰਕਟ ਦਾ ਰੂਪ ਲੈ ਰਿਹਾ ਹੈ।

ਭਵਿੱਖ ਵਿੱਚ ਕੀ ਇਹ ਟਕਰਾਅ ਵਧੇਗਾ? ਮੌਜੂਦਾ ਹਾਲਾਤਾਂ ਨੂੰ ਵੇਖਦਿਆਂ ਇਹ ਕਹਿਣਾ ਮੁਸ਼ਕਲ ਨਹੀਂ ਕਿ ਟਕਰਾਅ ਹੋਰ ਵਧ ਸਕਦਾ ਹੈ। ਜੇਕਰ 15 ਦਿਨਾਂ ਦੇ ਅੰਦਰ ਸਰਕਾਰ ਵੱਲੋਂ ਕੋਈ ਐਲਾਨ ਜਾਂ ਸੋਧ ਨਹੀਂ ਕੀਤੀ ਜਾਂਦੀ, ਤਾਂ ਸੰਭਾਵਨਾ ਹੈ ਕਿ: ਪੰਥਕ ਦਲ ਇਕੱਠ ਹੋਣਗੇ, ਵੱਡੇ ਧਾਰਮਿਕ ਇਕੱਠ ਜਾਂ ਮੋਰਚੇ ਬਣ ਸਕਦੇ ਹਨ, ਸ਼੍ਰੋਮਣੀ ਕਮੇਟੀ ਹੋਰ ਸਖ਼ਤ ਰੁਖ਼ ਅਪਣਾ ਸਕਦੀ ਹੈ ਅਤੇ ਪੰਜਾਬ ਦੀ ਰਾਜਨੀਤੀ ਮੁੜ ਧਾਰਮਿਕ ਧੁਰੇ ਉੱਤੇ ਧਰੁਵੀਕ੍ਰਿਤ ਹੋ ਸਕਦੀ ਹੈ।

ਅੱਜ ਇਹ ਵੀ ਸੰਭਵ ਹੈ ਕਿ ਵਿਰੋਧੀ ਰਾਜਨੀਤਿਕ ਪਾਰਟੀਆਂ ਇਸ ਮਾਮਲੇ ਨੂੰ ਸਰਕਾਰ ਵਿਰੁੱਧ ਵੱਡੇ ਹਥਿਆਰ ਵਜੋਂ ਵਰਤਣ। ਪੰਜਾਬ ਵਿੱਚ ਧਾਰਮਿਕ ਭਾਵਨਾਵਾਂ ਨਾਲ ਜੁੜੇ ਮਸਲੇ ਹਮੇਸ਼ਾ ਚੋਣੀ ਅਤੇ ਸਮਾਜਿਕ ਸਮੀਕਰਨ ਬਦਲਦੇ ਰਹੇ ਹਨ। ਪੰਜਾਬੀ ਸਮਾਜ ਉੱਤੇ ਪ੍ਰਭਾਵ ਹੇਠ ਇਸ ਸਾਰੇ ਮਾਮਲੇ ਦਾ ਸਭ ਤੋਂ ਵੱਡਾ ਪ੍ਰਭਾਵ ਪੰਜਾਬੀ ਸਮਾਜ ਦੀ ਮਨੋਵਿਗਿਆਨਕ ਸਥਿਤੀ 'ਤੇ ਪਵੇਗਾ। ਪਿਛਲੇ ਦਹਾਕੇ ਵਿੱਚ ਪੰਜਾਬ ਪਹਿਲਾਂ ਹੀ ਨਸ਼ਿਆਂ ਬੇਰੁਜ਼ਗਾਰੀ,ਪ੍ਰਵਾਸ,ਕਰਜ਼ੇ ਅਤੇ ਰਾਜਨੀਤਿਕ ਅਵਿਸ਼ਵਾਸ ਨਾਲ ਜੂਝ ਰਿਹਾ ਹੈ। ਹੁਣ ਜੇ ਧਾਰਮਿਕ ਅਤੇ ਰਾਜਨੀਤਿਕ ਟਕਰਾਅ ਹੋਰ ਡੂੰਘਾ ਹੁੰਦਾ ਹੈ, ਤਾਂ ਪੰਜਾਬ ਦਾ ਸਮਾਜਿਕ ਸੰਤੁਲਨ ਵੀ ਪ੍ਰਭਾਵਿਤ ਹੋ ਸਕਦਾ ਹੈ।

ਅੱਜ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਲੋਕਾਂ ਦਾ ਧਿਆਨ ਮੁੱਢਲੇ ਆਰਥਿਕ ਅਤੇ ਸਮਾਜਿਕ ਮੁੱਦਿਆਂ ਤੋਂ ਹਟ ਕੇ ਭਾਵਨਾਤਮਕ ਅਤੇ ਟਕਰਾਊ ਰਾਜਨੀਤੀ ਵੱਲ ਚਲਾ ਜਾਵੇ। ਅੱਜ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਵਿੱਚ ਧਾਰਮਿਕ ਮਸਲੇ ਰਾਜਨੀਤਿਕ ਸੰ

ਵਿਸ਼ੇਸ਼ ਮਹਿਮਾਨ ਸੰਪਾਦਕੀ

ਜੀਵੇ ਪੰਥਃ ਜ਼ਿੰਦਾ ਰੂਹ ਪੰਜਾਬ ਦੀ !

ਪੰਜਾਬਃ ਜਦੋਂ ਧਰਮ ਸੱਤਾ ਮਨੁੱਖਤਾ ਦਾ ਸਾਹ ਬਣ ਜਾਂਦੀ ਹੈ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

==========

ਅੱਜ ਵੀ ਪੰਜਾਬ ਦੁਨੀਆਂ ਦਾ ਉਹ ਜਰਖੇਜ਼ ਖਿੱਤਾ ਹੈ ਜਿਸ 'ਤੇ ਗੁਰੂਆਂ ਦੀ ਬਖਸ਼ਿਸ਼ ਹੈ। ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ ...

ਪੰਜਾਬ ਦੀ ਧਰਤੀ ਵਿੱਚ ਖੇੜੇ , ਉਮੰਗ ਤੇ ਜੀਵਨ ਜਾਚ ਧਰਮ ਦੀ ਅਦਭੁੱਤ ਮਰਿਆਦਾ ਸ਼ਕਤੀ ਹੈ। ਪੰਜਾਬ ਦੀਆਂ ਜੂਹਾਂ ਵਿੱਚ ਗੁਰੂਆਂ ਦੀ ਉਚਾਰੀ ਬਾਣੀ ਦਾ ਸੱਚ ਦਾ ਨਾਦ ਗੂੰਜਦਾ ਹੈ । ਸ੍ਰੀ ਗੁਰੂ ਨਾਨਕ ਸਾਹਿਬ ਦੀ ਵਰਸੋਈ ਹੋਈ ਤੇ ਅਦਭੁੱਤ ਵਿਰਾਸਤ ਸਦੀਆਂ ਤੋਂ ਇਸ ਧਰਤੀ ਲਈ ਸਰਬੱਤ ਦੇ ਭਲੇ ਦਾ ਸਿਧਾਂਤ ਸਾਕਾਰ ਕਰਦੀ ਹੈ । ਮਨੁੱਖੀ ਹੱਕ , ਸੱਚ ਤੇ ਕਿਰਤ ਦਾ ਹੋਕਾ ਪੰਜਾਬ ਦੀ ਧਰਤੀ ਨੂੰ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਤੋਂ ਉੱਪਰ ਉੱਠ ਕੇ ਧਰਮ ਦੀ ਮਰਿਯਾਦਾ ਵਿੱਚ ਪੰਥਕ ਸਰੂਪ ਵਿੱਚ ਹੱਕ ਸੱਚ ਤੇ ਨਾਲ ਸ਼ਾਂਤੀ ਵਿਚ ਜਿਉਣ ਦੀ ਜਾਚ ਵਿਚ ਰੰਗਦਾ ਹੈ ।

ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੱਚ ਉਚਾਰ ਹੈ ਜੋ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ 'ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮੁਖਾਤਿਬ ਹੁੰਦਾ ਹੈ, ਇਥੇ ਪੰਥ ਹਰ ਉਹ ਪੰਜਾਬੀ ਹੈ ਜਿਸਨੇ ਇਸ ਧਰਤੀ 'ਤੇ ਜਨਮ ਲਿਆ ਹੈ ਅਤੇ ਇਸਦੀ ਅਹਿਮੀਅਤ ਜਾਣੀ ਹੈ ਤੇ ਉਸ ਸਰਉੱਚ ਆਤਮਕ ਸ਼ਕਤੀ ਦਾ ਪ੍ਰਤੀਕ ਹੈ ਜੋ ਪੰਜਾਬੀਆਂ ਨੂੰ ਰਾਜਨੀਤੀ ਤੇ ਹੋਰ ਸਭਨਾਂ ਤੋਂ ਉਪਰ ਉੱਠ ਕੇ ਧਰਮ ਦੀ ਮਰਿਯਾਦਾ ਵਿੱਚ ਜਿਉਣ ਦਾ ਸਲੀਕਾ ਸਿਖਾਉਂਦੀ ਹੈ ।ਅੱਜ ਇਹੀ ਉਹ ਸੱਚ ਹੈ ਜੋ ਪੰਜਾਬੀਆਂ ਨੂੰ ਪੰਥਕ ਏਕਤਾ ਦੇ ਨਾਂ 'ਤੇ ਦੁਨੀਆਂ ਤੋਂ ਅਲੱਗ ਕਰਦਾ ਹੈ ਜਿਸ ਦੀ ਅੱਜ ਗੱਲ ਹੋ ਰਹੀ ਹੈ।

ਇਹ ਵੀ ਸੱਚ ਹੈ ਕਿ ਕਈ ਵਾਰ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਘਟਨਾਵਾਂ ਤਲਵਾਰਾਂ ਨਾਲ ਨਹੀਂ, ਸ਼ਬਦਾਂ ਨਾਲ ਵਾਪਰਦੀਆਂ ਹਨ।
ਕਈ ਵਾਰ ਇੱਕ ਵਾਕ ਸਦੀਆਂ ਦੀ ਚੁੱਪ ਨੂੰ ਤੋੜ ਦਿੰਦਾ ਹੈ।

ਅਤੇ ਕਈ ਵਾਰ ਕੋਈ ਆਵਾਜ਼ ਸਿਰਫ਼ ਇੱਕ ਮਨੁੱਖ ਦੀ ਨਹੀਂ ਰਹਿੰਦੀ—ਉਹ ਪੂਰੀ ਕੌਮ ਦੀ ਆਤਮਾ ਬਣ ਜਾਂਦੀ ਹੈ ਕਿਉਂਕਿ ਪੰਜਾਬ ਕੇਵਲ ਇੱਕ ਭੂਗੋਲ ਨਹੀਂ।

ਪੰਜਾਬ ਇੱਕ ਰੂਹ ਹੈ। ਇੱਕ ਅਜਿਹੀ ਰੂਹ ਜਿਸਨੇ ਵੰਡਾਂ ਦੇ ਦਰਦ ਵੀ ਵੇਖੇ, ਲਹੂ ਦੇ ਦਰਿਆ ਵੀ ਵੇਖੇ, ਪਰ ਫਿਰ ਵੀ ਸਰਬੱਤ ਦਾ ਭਲਾ ਮੰਗਣਾ ਨਹੀਂ ਛੱਡਿਆ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦਾ ਸਿਧਾਂਤ ਦਿੱਤਾ ਸੀ। ਉਸਦਾ ਮਤਲਬ ਕਦੇ ਵੀ ਧਰਮ ਨੂੰ ਰਾਜਨੀਤੀ ਬਣਾਉਣਾ ਨਹੀਂ ਸੀ। ਉਸਦਾ ਅਰਥ ਇਹ ਸੀ ਕਿ ਰਾਜਨੀਤੀ ਨੂੰ ਵੀ ਆਤਮਾ ਦੀ ਮਰਿਆਦਾ ਵਿੱਚ ਰਹਿਣਾ ਪਵੇਗਾ। ਸ਼ਾਇਦ ਇਸੇ ਲਈ ਪੰਜਾਬ ਦੀ ਰੂਹ ਅੱਜ ਵੀ ਸ੍ਰੀ ਅਕਾਲ ਤਖ਼ਤ ਵੱਲ ਵੇਖਦੀ ਹੈ ਕਿਉਂਕਿ ਉੱਥੇ ਉਸਨੂੰ ਸਿਰਫ਼ ਧਾਰਮਿਕ ਫੈਸਲੇ ਨਹੀਂ, ਸਗੋਂ ਆਪਣੀ ਹੋਂਦ ਦੀ ਆਵਾਜ਼ ਸੁਣਾਈ ਦਿੰਦੀ ਹੈ ਅਤੇ ਜੇ ਇਹ ਆਵਾਜ਼ ਸੱਚਮੁੱਚ ਪੰਜਾਬ ਦੀ ਧਰਤੀ ਉੱਤੇ ਉਜਾਲਾ ਬਣ ਜਾਵੇ, ਤਾਂ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਪੰਜਾਬ ਮੁੜ ਉਹ ਧਰਤੀ ਬਣੇ ਜਿੱਥੇ ਮਨੁੱਖਤਾ ਸਾਹ ਲੈਂਦੀ ਸੀ, ਜਿੱਥੇ ਖੇੜਿਆਂ ਦਾ ਵਾਸਾ ਹੁੰਦਾ ਸੀ ਅਤੇ ਜਿੱਥੇ ਹਰ ਅਰਦਾਸ ਦੇ ਅੰਤ ਵਿੱਚ ਸੱਚਮੁੱਚ ਸਰਬੱਤ ਦਾ ਭਲਾ ਵੱਸਦਾ ਸੀ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉਚਾਰਿਆ ਗਿਆ ਇਹ ਵਿਚਾਰ ਕਿ ਪੰਥ ਕਦੇ ਵੀ ਸਰਕਾਰਾਂ ਤੋਂ ਨਹੀਂ ਚੱਲਦਾ ਕੇਵਲ ਇੱਕ ਪ੍ਰਤੀਕ੍ਰਿਆ ਨਹੀਂ ਸੀ; ਇਹ ਮਨੁੱਖੀ ਸਭਿਅਤਾ ਦੇ ਉਸ ਅਮਰ ਸੱਚ ਦੀ ਗੂੰਜ ਸੀ ਜਿਸਨੂੰ ਦੁਨੀਆਂ ਦੇ ਵੱਡੇ ਦਾਰਸ਼ਨਿਕ ਹਮੇਸ਼ਾ ਮੰਨਦੇ ਆਏ ਹਨ—ਕਿ ਧਰਮ ਸੱਤਾ ਮਨੁੱਖ ਨੂੰ ਜਿਉਣ ਦਾ ਸਲੀਕਾ ਦਿੰਦੀ ਹੈ, ਜਦਕਿ ਰਾਜਨੀਤੀ ਅਕਸਰ ਸਿਰਫ਼ ਉਸਦੇ ਇਤਿਹਾਸ ਦੀ ਵਿਆਖਿਆ ਕਰਦੀ ਹੈ।

ਇਥੇ ਧਰਮ ਸੱਤਾ ਦਾ ਅਰਥ ਇੱਥੇ ਕਦੇ ਰਾਜ ਨਹੀਂ ਰਿਹਾ। ਇਸਦਾ ਅਰਥ ਮਨੁੱਖ ਦੇ ਅੰਦਰਲੇ ਚਾਨਣ ਨੂੰ ਜਗਾਉਣਾ ਰਿਹਾ ਹੈ।
ਉਹ ਚਾਨਣ ਜੋ ਮਨੁੱਖ ਨੂੰ ਮਨੁੱਖ ਨਾਲ ਜੋੜਦਾ ਹੈ। ਉਹ ਚਾਨਣ ਜੋ ਕਹਿੰਦਾ ਹੈ ਕਿ ਕਿਸੇ ਵੀ ਰਾਜ ਤੋਂ ਵੱਡੀ ਚੀਜ਼ ਮਨੁੱਖ ਦੀ ਆਤਮਾ ਹੈ। ਦੁਨੀਆਂ ਦੇ ਮਹਾਨ ਦਾਰਸ਼ਨਿਕ ਸੁਕਰਾਤ ਨੇ ਕਿਹਾ ਸੀ ਕਿ ਅਣਵੇਖਿਆ ਜੀਵਨ ਜਿਉਣ ਦੇ ਯੋਗ ਨਹੀਂ ਹੁੰਦਾ।
ਸ੍ਰੀ ਗੁਰੂ ਨਾਨਕ ਸਾਹਿਬ ਨੇ ਇਸ ਗੱਲ ਨੂੰ ਹੋਰ ਡੂੰਘਾਈ ਨਾਲ ਸਮਝਾਇਆ। ਉਹਨਾਂ ਨੇ ਮਨੁੱਖ ਨੂੰ ਸਿਰਫ਼ ਸੋਚਣ ਲਈ ਨਹੀਂ, ਸਗੋਂ ਜਾਗਣ ਲਈ ਕਿਹਾ।
ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।
ਅੱਜ ਇਹ ਇੱਕ ਧਾਰਮਿਕ ਪੰਕਤੀ ਨਹੀਂ; ਇਹ ਮਨੁੱਖੀ ਹੋਂਦ ਦਾ ਸਭ ਤੋਂ ਵੱਡਾ ਦਰਸ਼ਨ ਹੈ। ਮਨੁੱਖ ਨੂੰ ਆਪਣੇ ਅੰਦਰ ਵੱਸਦੀ ਜੋਤ ਦਾ ਪਤਾ ਲੱਗ ਜਾਵੇ, ਤਾਂ ਫਿਰ ਉਹ ਕਿਸੇ ਖੋਖਲੀ ਸੱਤਾ ਦਾ ਗੁਲਾਮ ਨਹੀਂ ਰਹਿੰਦਾ।
ਅੱਜ ਦੀ ਇਸ ਬਦਲਦੀ ਦੁਨੀਆਂ ਵਿੱਚ ਰਾਜਨੀਤੀ ਦਾ ਸਭ ਤੋਂ ਵੱਡਾ ਸੰਕਟ ਇਹ ਹੈ ਕਿ ਉਹ ਮਨੁੱਖ ਨੂੰ ਡਰ ਵਿੱਚ ਜਿਉਣਾ ਸਿਖਾਉਂਦੀ ਹੈ। ਉਹ ਸਮਾਜਾਂ ਨੂੰ ਵੰਡਦੀ ਹੈ, ਭਾਵਨਾਵਾਂ ਨੂੰ ਉਕਸਾਉਂਦੀ ਹੈ ਅਤੇ ਫਿਰ ਉਸੇ ਵਿਖੰਡਨ ਨੂੰ ਆਪਣੀ ਜਿੱਤ ਦਾ ਜਸ਼ਨ ਬਣਾ ਲੈਂਦੀ ਹੈ। ਰਾਜਨੀਤੀ ਹੀ ਅੱਜਕੱਲ੍ਹ ਨੈਰੇਟਿਵ ਬਣਾਉਂਦੀ ਹੈ; ਪਰ ਧਰਮ ਸੱਤਾ ਮਨੁੱਖ ਦੀ ਰੂਹ ਨੂੰ ਬਚਾਉਂਦੀ ਹੈ।

ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ ਇਸ ਕਰਕੇ ਨਹੀਂ ਕਿ ਉਹ ਇੱਕ ਪਵਿੱਤਰ ਇਮਾਰਤ ਹੈ। ਉਸਦੀ ਮਹਾਨਤਾ ਇਸ ਕਰਕੇ ਹੈ ਕਿ ਉਹ ਸਿੱਖ ਪੰਥ ਦੀ ਆਤਮਾ ਦਾ ਪ੍ਰਤੀਕ ਹੈ।
ਉਹ ਉਸ ਪਰੰਪਰਾ ਦਾ ਕੇਂਦਰ ਹੈ ਜਿੱਥੇ ਗੁਰੂਆਂ ਨੇ ਬਾਦਸ਼ਾਹਾਂ ਨੂੰ ਵੀ ਸੱਚ ਸੁਣਾਇਆ। ਅੱਜ ਜਦੋਂ ਪੰਜਾਬ ਦੀ ਧਰਤੀ ਉੱਤੇ ਇਹ ਗੱਲ ਮੁੜ ਉਚਾਰੀ ਗਈ ਹੈ, ਤਾਂ ਇਹ ਸਿਰਫ਼ ਪੰਥ ਦੀ ਨਹੀਂ, ਪੰਜਾਬ ਦੀ ਰੂਹ ਦੀ ਗੱਲ ਹੈ।
ਦੁਨੀਆਂ ਦੇ ਮਹਾਨ ਦਾਰਸ਼ਨਿਕ ਲਿਉ ਟਾਲਸਟਾਏ ਲਿਖਦੇ ਹਨ ਕਿ ਮਨੁੱਖਤਾ ਦੀ ਅਸਲ ਤਾਕਤ ਪਿਆਰ ਅਤੇ ਨੈਤਿਕਤਾ ਵਿੱਚ ਹੁੰਦੀ ਹੈ, ਰਾਜਸੀ ਹਥਿਆਰਾਂ ਵਿੱਚ ਨਹੀਂ। ਇਹੀ ਗੱਲ ਸਾਡੇ ਗੁਰੂ ਸਾਹਿਬਾਨ ਨੇ ਸਦੀਆਂ ਪਹਿਲਾਂ ਜਿਉਂ ਕੇ ਦਿਖਾਈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਸੱਤਾ ਅੱਗੇ ਝੁਕਣ ਦੀ ਥਾਂ ਸ਼ਹਾਦਤ ਚੁਣੀ।

ਕਿਉਂਕਿ ਧਰਮ ਸੱਤਾ ਦਾ ਮੂਲ ਸੱਚ ਹੁੰਦਾ ਹੈ, ਡਰ ਨਹੀਂ।
ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਇਹ ਪੰਕਤੀ ਮਨੁੱਖ ਨੂੰ ਆਜ਼ਾਦ ਕਰਦੀ ਹੈ।
ਉਹ ਮਨੁੱਖ ਜੋ ਅੰਦਰੋਂ ਆਜ਼ਾਦ ਹੋ ਜਾਵੇ, ਉਸਨੂੰ ਕੋਈ ਵੀ ਖੋਖਲੀ ਰਾਜਨੀਤੀ ਲੰਮੇ ਸਮੇਂ ਲਈ ਗੁਲਾਮ ਨਹੀਂ ਬਣਾ ਸਕਦੀ।

ਅੱਜ ਦੀ ਦੁਨੀਆ ਵਿੱਚ ਸਭ ਤੋਂ ਵੱਡੀ ਕਮੀ ਰੋਟੀ ਦੀ ਨਹੀਂ, ਰੂਹ ਦੀ ਹੈ। ਅੱਜ ਮਨੁੱਖ ਨੇ ਚੰਦ 'ਤੇ ਪਹੁੰਚਣਾ ਸਿੱਖ ਲਿਆ, ਪਰ ਆਪਣੇ ਹੀ ਦਿਲ ਤੱਕ ਪਹੁੰਚਣਾ ਭੁੱਲ ਗਿਆ। ਅੱਜ ਸ਼ਹਿਰ ਵੱਡੇ ਹੋ ਗਏ, ਪਰ ਮਨੁੱਖ ਅੰਦਰੋਂ ਛੋਟਾ ਹੋ ਗਿਆ। ਇਸੇ ਲਈ ਜਦੋਂ ਅਕਾਲ ਤਖ਼ਤ ਤੋਂ ਧਰਮ ਸੱਤਾ ਦੀ ਗੱਲ ਹੁੰਦੀ ਹੈ, ਤਾਂ ਉਹ ਸਿਰਫ਼ ਸਿੱਖਾਂ ਲਈ ਨਹੀਂ ਹੁੰਦੀ। ਉਹ ਪੂਰੀ ਮਨੁੱਖਤਾ ਲਈ ਇੱਕ ਸੰਦੇਸ਼ ਹੁੰਦਾ ਹੈ ਕਿ ਮਨੁੱਖ ਦੀ ਅਸਲ ਉੱਚਾਈ ਉਸਦੇ ਅੰਦਰਲੇ ਨੈਤਿਕ ਚਾਨਣ ਵਿੱਚ ਹੁੰਦੀ ਹੈ।

ਅੱਜ ਇਹ ਹਾਜ਼ਰੀ ਹੀ ਧਰਮ ਸੱਤਾ ਦਾ ਅਸਲ ਰੂਪ ਹੈ।
ਜਿੱਥੇ ਮਨੁੱਖ ਆਪਣੇ ਅੰਦਰ ਰੱਬ ਨੂੰ ਮਹਿਸੂਸ ਕਰੇ। ਜਿੱਥੇ ਸੇਵਾ ਰਾਜਨੀਤੀ ਤੋਂ ਉੱਚੀ ਹੋਵੇ। ਜਿੱਥੇ ਮਨੁੱਖ ਦਾ ਦਰਦ ਕਿਸੇ ਪਾਰਟੀ ਦਾ ਵਿਸ਼ਾ ਨਹੀਂ, ਸਗੋਂ ਮਨੁੱਖਤਾ ਦੀ ਜ਼ਿੰਮੇਵਾਰੀ ਬਣ ਜਾਵੇ। ਅੱਜ ਪੰਜਾਬ ਨੂੰ ਇਸੇ ਜਾਗਰਿਤੀ ਦੀ ਲੋੜ ਹੈ। ਨਵੀਆਂ ਸੜਕਾਂ ਤੋਂ ਪਹਿਲਾਂ ਨਵੇਂ ਵਿਚਾਰਾਂ ਦੀ ਲੋੜ ਹੈ। ਨਵੀਆਂ ਸਕੀਮਾਂ ਤੋਂ ਪਹਿਲਾਂ ਨਵੀਂ ਆਤਮਾ ਦੀ ਲੋੜ ਹੈ। ਅੱਜ ਜੇ ਗੁਰੂਆਂ ਦੀ ਬਾਣੀ ਦੁਬਾਰਾ ਪੰਜਾਬ ਦੇ ਮਨਾਂ ਵਿੱਚ ਵੱਸ ਜਾਵੇ, ਤਾਂ ਇਹ ਧਰਤੀ ਸੱਚਮੁੱਚ ਫ਼ਿਰ ਖਿੜ ਪਵੇਗੀ। ਪੰਜਾਬ ਦੇ ਖੇਤਾਂ ਵਿੱਚ ਸਿਰਫ਼ ਫਸਲਾਂ ਨਹੀਂ, ਉਮੀਦਾਂ ਵੀ ਉੱਗਣਗੀਆਂ। ਨੌਜਵਾਨਾਂ ਦੀਆਂ ਅੱਖਾਂ ਵਿੱਚ ਸਿਰਫ਼ ਪਰਦੇਸ ਨਹੀਂ, ਆਪਣੀ ਮਿੱਟੀ ਲਈ ਪਿਆਰ ਵੀ ਜਾਗੇਗਾ। ਪਿੰਡਾਂ ਦੀਆਂ ਸੱਥਾਂ ਵਿੱਚ ਮੁੜ ਮਨੁੱਖਤਾ ਦੀ ਖੁਸ਼ਬੂ ਆਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਮਨੁੱਖ ਨੂੰ ਸਿਰਫ਼ ਅਰਦਾਸ ਨਹੀਂ ਸਿਖਾਉਂਦਾ; ਉਹ ਜੀਵਨ ਜਿਉਣ ਦਾ ਢੰਗ ਸਿਖਾਉਂਦਾ ਹੈ।
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।
ਇਹੀ ਉਹ ਦਰਸ਼ਨ ਹੈ ਜਿੱਥੇ ਮਨੁੱਖੀ ਸਭਿਅਤਾਵਾਂ ਪਲਦੀਆਂ ਹਨ।
ਰਾਜਨੀਤੀਆਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।

ਨੈਰੇਟਿਵ ਬਦਲਦੇ ਰਹਿੰਦੇ ਹਨ।ਰਾਜਨੀਤਿਕ ਸੱਤਾਵਾਂ ਟੁੱਟਦੀਆਂ ਬਣਦੀਆਂ ਰਹਿੰਦੀਆਂ ਹਨ ਪਰ ਧਰਮ ਸੱਤਾ—ਜੋ ਮਨੁੱਖ ਨੂੰ ਮਨੁੱਖ ਬਣਾਉਂਦੀ ਹੈ—ਉਹ ਸਦੀਵੀ ਰਹਿੰਦੀ ਹੈ ਅਤੇ ਜੇ ਇਹ ਆਵਾਜ਼ ਸੱਚਮੁੱਚ ਪੰਜਾਬ ਦੀ ਧਰਤੀ ਉੱਤੇ ਉਜਾਲਾ ਬਣ ਜਾਵੇ, ਤਾਂ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਪੰਜਾਬ ਮੁੜ ਉਹ ਧਰਤੀ ਬਣੇ ਜਿੱਥੇ ਮਨੁੱਖਤਾ ਸਾਹ ਲੈਂਦੀ ਸੀ, ਜਿੱਥੇ ਖੇੜਿਆਂ ਦਾ ਵਾਸਾ ਹੁੰਦਾ ਸੀ ਅਤੇ ਜਿੱਥੇ ਹਰ ਅਰਦਾਸ ਦੇ ਅੰਤ ਵਿੱਚ ਸੱਚਮੁੱਚ ਸਰਬੱਤ ਦਾ ਭਲਾ ਵੱਸਦਾ ਸੀ।

ਸੱਚ ਤਾਂ ਇਹ ਹੈ ਕਿ ਪੰਥ ਹੀ ਪੰਜਾਬ ਹੈ ,ਪੰਜਾਬੀਅਤ ਹੈ ਇਹ ਪੰਜਾਬ ਹੀ ਹੈ ਜੋ ਹਰ ਹਾਲਤ ਵਿੱਚ ਜਿਉਣਾ ਜਾਣਦਾ ਹੈ ਇਸ ਮੌਕੇ 'ਤੇ ਇਹ ਉੱਠਣ ਦਾ ਵੇਲਾ ਹੈ ਆਓ, ਜਾਗੋ ਤੇ ਪੰਜਾਬ ਦੀ ਧਰਤੀ ਦੀ ਖ਼ੈਰ ਮੰਗੀਏ...!

ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

'ਸ਼ੁਕਰਾਨਾ ਯਾਤਰਾ' ਦੇ ਤੀਜੇ ਦਿਨ ਮੁੱਖ ਮੰਤਰੀ ਨੇ ਸ੍ਰੀ ਦਮਦਮਾ ਸਾਹਿਬ ਮੱਥਾ ਟੇਕਿਆ

ਦੇਸ਼ ਲਈ ਸਭ ਤੋਂ ਵੱਧ ਜਾਨਾਂ ਕੁਰਬਾਨ ਕਰਨ ਵਾਲੇ ਪੰਜਾਬੀਆਂ 'ਤੇ ਦੇਸ਼ ਵਿਰੋਧੀ ਹੋਣ ਦਾ ਠੱਪਾ ਲਗਾ ਰਹੀ ਹੈ ਭਾਜਪਾ: ਮਾਨ

ਬਠਿੰਡਾ, 8 ਮਈ (ਜਗਸੀਰ ਭੁੱਲਰ): ਚਾਰ ਰੋਜ਼ਾ 'ਸ਼ੁਕਰਾਨਾ ਯਾਤਰਾ' ਦੇ ਅੱਜ ਤੀਜੇ ਦਿਨ ਮਾਲਵਾ ਖੇਤਰ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤੀ ਜਨਤਾ ਪਾਰਟੀ ਅਤੇ ਫਿਰਕੂ ਤਾਕਤਾਂ 'ਤੇ ਵਰ੍ਹਦਿਆਂ ਕਿਹਾ ਕਿ ਭਗਵਾਂ ਪਾਰਟੀ ਪੰਜਾਬੀਆਂ 'ਤੇ ਦੇਸ਼ ਵਿਰੋਧੀ ਹੋਣ ਦਾ ਠੱਪਾ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੋਟਾਂ ਬਟੋਰਨ ਦੀ ਖਾਤਰ ਪੰਜਾਬ ਦੀ ਸਦੀਆਂ ਪੁਰਾਣੀ ਭਾਈਚਾਰਕ ਸਾਂਝ ਦੀਆਂ ਮਜ਼ਬੂਤ ਤੰਦਾਂ ਨੂੰ ਖੇਰੂੰ-ਖੇਰੂੰ ਕਰਨ ਦੀ ਗਹਿਰੀ ਸਾਜ਼ਿਸ਼ ਰਚ ਰਹੀ ਹੈ।



ਮੁੱਖ ਮੰਤਰੀ ਨੇ ਅੱਜ ਬਠਿੰਡਾ ਤੋਂ ਯਾਤਰਾ ਦੀ ਸ਼ੁਰੂਆਤ ਕੀਤੀ ਅਤੇ ਸ੍ਰੀ ਦਮਦਮਾ ਸਾਹਿਬ ਵਿਖੇ ਮੱਥਾ ਟੇਕਿਆ। ਵੱਖ-ਵੱਖ ਥਾਈਂ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਪੱਛਮੀ ਬੰਗਾਲ ਵਿੱਚ ਸ਼ੁਰੂ ਕੀਤੀ ਗਈ 'ਡਰ ਤੇ ਵੰਡ ਦੀ ਰਾਜਨੀਤੀ' ਹੁਣ ਪੰਜਾਬ ਵਿੱਚ ਲਾਗੂ ਕਰਨ ਦੀ ਸਾਜਿਸ਼ ਘੜੀ ਜਾ ਰਹੀ ਹੈ, ਜਿੱਥੇ ਫਿਰਕੂ ਤਾਕਤਾਂ ਸਮਾਜ ਦੇ ਧਰੁਵੀਕਰਨ ਅਤੇ ਸੱਤਾ 'ਤੇ ਕਬਜ਼ਾ ਕਰਨ ਲਈ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਮੁੱਖ ਮੰਤਰੀ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਦੇਸ਼ ਦੀ ਆਜ਼ਾਦੀ ਅਤੇ ਏਕਤਾ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਪੰਜਾਬੀ ਅਜਿਹੀਆਂ ਤਾਕਤਾਂ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਵਿੱਚ ਸ਼ਾਮਲ ਲੋਕਾਂ, ਜਿਨ੍ਹਾਂ ਵਿੱਚ ਸਰਪ੍ਰਸਤ ਵੀ ਸ਼ਾਮਲ ਹਨ, ਨੂੰ ਹੁਣ ਨਵੇਂ ਕਾਨੂੰਨ ਤਹਿਤ ਸਖ਼ਤ ਸਜ਼ਾਵਾਂ ਦਾ ਸਾਹਮਣਾ ਕਰਨਾ ਪਵੇਗਾ, ਜਿਸ ਵਿੱਚ ਉਮਰ ਕੈਦ ਅਤੇ 50 ਲੱਖ ਰੁਪਏ ਤੱਕ ਦਾ ਜੁਰਮਾਨਾ ਸ਼ਾਮਲ ਹੈ।

ਤਲਵੰਡੀ ਸਾਬੋ, ਬਠਿੰਡਾ ਸ਼ਹਿਰ ਅਤੇ ਕੋਟਸ਼ਮੀਰ ਵਿਖੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬੀਆਂ ਨੂੰ ਸੂਬੇ ਦੀ ਸ਼ਾਂਤੀ, ਭਾਈਚਾਰਕ ਸਾਂਝ ਅਤੇ ਸਦਭਾਵਨਾ ਲਈ ਘਾਤਕ ਫੁੱਟ ਪਾਊ ਤਾਕਤਾਂ ਵਿਰੁੱਧ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਫਿਰਕੂ ਸਿਆਸਤ ਨੂੰ ਪੰਜਾਬ ਦੇ ਸਦੀਆਂ ਪੁਰਾਣੇ (ਬਾਕੀ ਸਫਾ 11 'ਤੇ)

ਸ਼ੁਕਰਾਨਾ ਯਾਤਰਾ ਦੌਰਾਨ ਮੁੱਖ ਮੰਤਰੀ ਪੁੱਜੇ ਬਣਾਂਵਾਲਾ ਤਾਪਘਰ

ਮਾਨਸਾ, 8 ਮਈ (ਚ.ਨ.ਸ.) : ਪੰਜਾਬ ਦੇ ਮੁੱ

ਗ਼ਦਰ ਲਹਿਰ ਦੇ ਪ੍ਰਮੁੱਖ ਆਗੂ-ਬਾਬਾ ਜਵਾਲਾ ਸਿੰਘ ਨੂੰ ਯਾਦ ਕਰਦਿਆਂ



ਭਗਵਾਨ ਸਿੰਘ ਜੌਹਲ
ਮੋ. 98143-24040

ਦੇਸ਼ ਦੀ ਅਜ਼ਾਦੀ ਲਈ ਚੱਲੀਆਂ ਲਹਿਰਾਂ ਵਿੱਚੋਂ ਪ੍ਰਮੁੱਖ ਲਹਿਰ ਗ਼ਦਰ ਲਹਿਰ ਹੈ । ਇਸ ਲਹਿਰ ਨੇ ਅਨੇਕਾਂ ਕ੍ਰਾਂਤੀਕਾਰੀ ਸੂਰਬੀਰਾਂ ਨੂੰ ਜਨਮ ਦਿੱਤਾ । ਜਿਨ੍ਹਾਂ ਜਾਨ ਜੋਖਮ ਵਿੱਚ ਪਾ ਕੇ ਕੁਰਬਾਨੀਆਂ ਦੀ ਝੜੀ ਲਾ ਦਿੱਤੀ । ਇਸ ਲਹਿਰ ਦੇ ਦਿਮਾਗ ਸਮਝੇ ਜਾਣ ਵਾਲੇ ਪ੍ਰਮੁੱਖ ਆਗੂਆਂ ਵਿੱਚੋਂ ਇਕ ਸਨ ਬਾਬਾ ਜਵਾਲਾ ਸਿੰਘ ਠੱਠੀਆਂ । ਇਸ ਬਹਾਦਰ ਗ਼ਦਰੀ ਬਾਬੇ ਨੂੰ ਇਸ ਲਹਿਰ ਦਾ ਦਿਮਾਗ ਕਿਹਾ ਜਾਂਦਾ ਸੀ । ਬਾਬਾ ਜਵਾਲਾ ਸਿੰਘ ਦਾ ਜਨਮ 1866 ਈ: ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਠੱਠੀਆਂ ਵਿਖੇ ਸ: ਕਨ੍ਹੱਈਆ ਸਿੰਘ ਦੇ ਗ੍ਰਹਿ ਵਿਖੇ ਹੋਇਆ । ਤੰਗੀਆਂ ਤੁਰਸ਼ੀਆਂ ਵਾਲੇ ਜੀਵਨ ਤੋਂ ਛੁਟਕਾਰਾ ਪਾਉਣ ਲਈ ਵੱਡੇ ਸੁਪਨਿਆਂ ਨੂੰ ਸਾਕਾਰ ਕਰਨ ਲਈ 40 ਕੁ ਸਾਲ ਦੀ ਉਮਰ ਵਿੱਚ ਘਰ ਛੱਡ ਕੇ ਵਿਦੇਸ਼ ਵੱਲ ਨੂੰ ਚੱਲ ਪਏ। ਚੀਨ, ਪਨਾਮਾ ਅਤੇ ਮੈਕਸੀਕੋ ਹੁੰਦੇ ਹੋਏ 1908 ਈ: ਵਿੱਚ ਕੈਲੇਫੋਰਨੀਆਂ (ਅਮਰੀਕਾ) ਪਹੁੰਚ ਗਏ । ਇਥੇ ਪਹੁੰਚ ਕੇ ਇਨ੍ਹਾਂ ਦਾ ਮਿਲਾਪ ਬਾਬਾ ਵਿਸਾਖਾ ਸਿੰਘ ਨਾਲ ਹੋਇਆ । ਇਨ੍ਹਾਂ ਦੋਵੇਂ ਸਿਰੜੀ ਜੀਊੜਿਆਂ ਨੇ ਰੱਲ ਕੇ ਆਪ ਪਿਤਾ ਪੁਰਖੀ ਕਿੱਤਾ ਖੇਤੀਬਾੜੀ ਕਰਨ ਦੀ ਸੋਚ ਨੂੰ ਪੂਰਿਆਂ ਕਰਨ ਦੀ ਖਾਤਰ ਇਥੇ ਪੰਜ ਸੌ ਏਕੜ ਦਾ ਫਾਰਮ ਠੇਕੇ ਉੱਤੇ ਲੈ ਕੇ ਆਲੂ ਦੀ ਖੇਤੀ ਸ਼ੁਰੂ ਕੀਤੀ । ਧਾਰਮਿਕ, ਸੱਭਿਆਚਾਰ, ਸਮਾਜਿਕ ਭੁੱਖ ਨੂੰ ਦੂਰ ਕਰਨ ਲਈ ਇਹ ਫਾਰਮ ਹੌਲੀ-ਹੌਲੀ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੇ ਮੇਲ-ਜੋਲ ਦਾ ਕੇਂਦਰ ਬਣ ਗਿਆ ।

ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਆਪਣੇ ਸਾਥੀ ਆਗੂਆਂ ਦੇ ਸਹਿਯੋਗ ਨਾਲ ਸਿੱਖਾਂ ਦੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਲਈ ਕੈਲੇਫੋਰਨੀਆ ਦੇ ਸ਼ਹਿਰ ਸਟਾਕਟਨ ਵਿਖੇ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਕੇਂਦਰ ਸਥਾਪਿਤ ਕੀਤਾ । ਜੋ ਸਮਾਂ ਆਉਣ 'ਤੇ ਗ਼ਦਰ ਲਹਿਰ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਦਾ ਕੇਂਦਰ ਬਣ ਗਿਆ । ਉਨ੍ਹਾਂ ਨੇ ਬਾਬਾ ਵਿਸਾਖਾ ਸਿੰਘ ਨਾਲ ਮਿਲ ਕੇ ਪ੍ਰਵਾਸੀ ਭਾਰਤੀਆਂ ਨੂੰ ਉਚੇਰੀ ਤਾਲੀਮ ਦੇਣ ਲਈ ਗੁਰੂ ਨਾਨਕ ਐਜੂਕੇਸ਼ਨਲ ਸੁਸਾਇਟੀ ਦੀ ਸਥਾਪਨਾ ਕਰਕੇ ਅਮਰੀਕਾ ਦੀਆਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਨ ਲਈ ਚਾਰ ਵਿੱਦਿਆਰਥੀਆਂ ਨੂੰ ਸੱਦਾ-ਪੱਤਰ ਭੇਜੇ । ਇਨ੍ਹਾਂ ਸਾਰੇ ਆਗੂਆਂ ਦੀ ਇਕੋ ਸੋਚ ਸੀ, ਸਿੱਖਿਆ ਤੋਂ ਬਿਨਾਂ ਗੁਲਾਮੀ ਤੇ ਗਰੀਬੀ ਤੋਂ ਕਦੇ ਵੀ ਛੁਟਕਾਰਾ ਨਹੀਂ ਮਿਲ ਸਕਦਾ । 1913 ਈ: ਵਿੱਚ ਬਾਬਾ ਜਵਾਲਾ ਸਿੰਘ ਨੂੰ ਇੰਡੀਅਨ ਐਸੋਸੀਏਸ਼ਨ ਦੀ ਕੈਲੇਫੋਰਨੀਆ ਸ਼ਾਖਾ ਦਾ ਮੀਤ ਪ੍ਰਧਾਨ ਬਣਾਇਆ ਗਿਆ ।

ਇਸ ਤੋਂ ਛੇਤੀ ਪਿੱਛੋਂ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ । ਹੁਣ ਬਾਬਾ ਜਵਾਲਾ ਸਿੰਘ ਨੇ ਆਪਣੇ ਸਾਥੀਆਂ ਬਾਬਾ ਵਸਾਖਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਸਿੰਘ ਨਾਲ ਜੁੜ ਕੇ ਪੈਸੇਫ਼ਿਕ ਸਮੁੰਦਰ ਤੱਟ ਦੇ ਨਾਲ ਵੱਸਦੇ ਪ੍ਰਵਾਸੀ ਭਰਾਵਾਂ ਨਾਲ ਅੰਗ੍ਰੇਜ਼ ਹਕੂਮਤ ਤੋਂ ਆਪਣਾ ਦੇਸ਼ ਅਜ਼ਾਦ ਕਰਵਾਉਣ ਲਈ ਹੱਲਾਸ਼ੇਰੀ ਦੇਣ ਲਈ ਅਤੇ ਜਾਗਰੂਕ ਕਰਨ ਲਈ ਪ੍ਰਚਾਰ ਦੌਰਾ ਸ਼ੁਰੂ ਕੀਤਾ । ਸ਼ਸਤਰਬੱਧ ਕ੍ਰਾਂਤੀ ਲਈ ਗ਼ਦਰ ਲਹਿਰ ਦੀ ਸਥਾਪਨਾ ਕੀਤੀ । ਉਨ੍ਹਾਂ ਦੀ ਸੋਚ ਸੀ ਨੌਜਵਾਨਾਂ ਨੂੰ ਹਥਿਆਰਬੰਦ ਕਰਕੇ ਗੋਰੀ ਹਕੂਮਤ ਨਾਲ ਦੋ-ਹੱਥ ਕਰਨੇ ਪੈਣਗੇ । ਇਸ ਕਾਰਨ ਲਈ ਗ਼ਦਰ ਲਹਿਰ ਨਾਂਅ ਦਾ ਮੈਗਜ਼ੀਨ ਅੰਗ੍ਰੇਜ਼ੀ, ਪੰਜਾਬੀ ਤੋਂ ਇਲਾਵਾ ਹੋਰ ਦੇਸੀ ਭਾਸ਼ਾਵਾਂ ਵਿੱਚ ਵੀ ਛਾਪਣਾ ਸ਼ੁਰੂ ਕੀਤਾ । ਬਾਬਾ ਜਵਾਲਾ ਸਿੰਘ ਬਾਕੀ ਗ਼ਦਰੀ ਬਾਬਿਆਂ ਨਾਲ 29 ਅਗਸਤ, 1914 ਈ: ਨੂੰ ਸੈਨਫਰਾਂਸਿਸਕੋ ਤੋਂ ਜਪਾਨ, ਹਾਂਗਕਾਂਗ, ਸਿੰਗਾਪੁਰ ਹੁੰਦੇ ਹੋਏ ਭਾਰਤ ਪੁੱਜੇ । ਜਦੋਂ ਬਾਬਾ ਜਵਾਲਾ ਸਿੰਘ 29 ਅਕਤੂਬਰ, 1914 ਈ: ਨੂੰ ਕਲਕੱਤੇ ਪੁੱਜੇ ਤਾਂ ਉਤਰਦਿਆਂ ਹੀ ਅੰਗ੍ਰੇਜ਼ ਹਕੂਮਤ ਨੇ ਬਾਕੀ ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ । ਉਨ੍ਹਾਂ ਉੱਪਰ ਵੀ ਪਹਿਲੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ ।

ਇਸ ਮਹਾਨ ਯੋਧੇ ਨੂੰ 13 ਸਤੰਬਰ, 1915 ਈ: ਨੂੰ ਜੀਵਨ ਭਰ ਲਈ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ । ਨਾਲ ਹੀ ਸਾਰੀ ਜਾਇਦਾਦ ਵੀ ਜ਼ਬਤ ਕਰ ਲਈ ਗਈ । 18 ਸਾਲ ਤੱਕ ਜੇਲ੍ਹ ਦੇ ਸਖਤ ਤਸੀਹੇ ਝੱਲਦਿਆਂ ਬਤੀਤ ਕੀਤੇ । ਉਮਰ ਦਾ ਬੇਸ਼ਕੀਮਤੀ ਅਰਸਾ ਗ਼ਦਰ-ਲਹਿਰ ਨੂੰ ਭੇਟ ਕੀਤਾ । ਇਕੋ ਇਕ ਖਾਹਿਸ਼ ਲੈ ਕੇ ਚੱਲੇ ਸਨ, ਦੇਸ਼ ਨੂੰ ਸਦੀਆਂ ਤੋਂ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਅਜ਼ਾਦ ਕਰਵਾਉਣਾ । ਹੁਣ ਜਦੋਂ 1933 ਵਿੱਚ ਰਿਹਾਅ ਹੋਏ, ਸਦੀਆਂ ਤੋਂ ਨਪੀੜੇ ਜਾ ਰਹੇ ਕਿਸਾਨ ਹਿੱਤਾਂ ਲਈ ਸੰਘਰਸ਼ ਵਿੱਚ ਜੁੱਟ ਗਏ । ਪੰਜਾਬੀ ਪੱਤ੍ਰਿਕਾ ਕਿਰਤੀ ਲਈ ਕਾਰਜਸ਼ੀਲ ਵੀ ਰਹੇ । ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਵੀ ਬਣਾਏ ਗਏ ।

1935 ਈ: ਵਿੱਚ ਮੁੜ ਕਿਸਾਨ ਅੰਦੋਲਨ ਵਿੱਚ ਗ੍ਰਿਫਤਾਰ ਕਰਕੇ ਇਕ ਸਾਲ ਲਈ ਮੁੜ ਜੇਲ੍ਹ ਭੇਜ ਦਿੱਤਾ ਗਿਆ । ਜ਼ਿੰਦਗੀ ਦਾ ਵੱਡਾ ਹਿੱਸਾ ਤਸੀਹੇ ਝੱਲ ਕੇ, ਉਹ ਚਾਹੁੰਦੇ ਸਨ ਆਪਣੇ ਜੀਵਨ ਦਾ ਪਲ-ਪਲ ਲੋਕ ਹਿੱਤਾਂ ਲਈ ਬਤੀਤ ਕੀਤਾ ਜਾਵੇ। 9 ਮਈ, 1938 ਈ: ਨੂੰ ਇਹ ਮਹਾਨ ਕ੍ਰਾਂਤੀਕਾਰੀ ਯੋਧਾ ਸਰਬਹਿੰਦ ਕਿਸਾਨ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਬੰਗਾਲ ਜਾ ਰਿਹਾ ਸੀ, ਰਸਤੇ ਵਿੱਚ ਜਾਂਦਿਆਂ ਇਕ ਗੰਭੀਰ ਹਾਦਸਾ ਵਾਪਰ ਗਿਆ । ਇਸ ਹਾਦਸੇ ਵਿੱਚ ਇਹ ਮਹਾਨ ਕ੍ਰਾਂਤੀਕਾਰੀ ਗ਼ਦਰੀ ਬਾਬਾ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਿਆ । ਇਸ ਮਹਾਨ ਯੋਧੇ ਦੇ ਕ੍ਰਾਂਤੀਕਾਰੀ ਤੇ ਸੰਘਰਸ਼ਸ਼ੀਲ ਜੀਵਨ ਨੂੰ ਸਾਡਾ ਪ੍ਰਣਾਮ ।

ਦੋਸ਼ੀ ਵਿਅਕਤੀ ਦੀ ਪੇਸ਼ੀ ਦੀ ਮੰਗ ਕਰਨ ਦਾ ਦਾਅਵਾ

ਧਾਰਾ 82 CrPC ਵੇਖੋ

ਜਦੋਂ ਕਿ ਮੇਰੇ ਸਾਹਮਣੇ ਸ਼ਿਕਾਇਤ ਕੀਤੀ ਗਈ ਹੈ ਕਿ ਦੋਸ਼ੀ ਨਰੇਸ਼ ਪੁੱਤਰ ਸ਼੍ਰੀ ਰਘੂ ਨੰਦਨ ਸਰਦਾਰ ਨਿਵਾਸੀ ਪਿੰਡ ਜਸਰਾ, ਨੇੜੇ ਸ਼ਹਿਰ, ਗੋਵਿੰਦਗੜ੍ਹ, ਥਾਣਾ ਫਤਿਹਗੜ੍ਹ, ਜ਼ਿਲ੍ਹਾ ਪਟਿਆਲਾ, ਪੰਜਾਬ ਅਤੇ 158, ਬੁੱਗੀ ਕਟਵਾਰੀਆ, ਸਰਾਏ, ਦਿੱਲੀ (ਮੋਬਾਈਲ ਨੰਬਰ 7307159301) ਨੇ **ਐਫਆਈਆਰ ਨੰਬਰ 397/2010, ਧਾਰਾ 377/506 ਆਈਪੀਸੀਸੀ**, ਥਾਣਾ ਜੋਤੀ ਨਗਰ, ਦਿੱਲੀ ਅਧੀਨ ਦਰਜ ਮਾਮਲੇ ਵਿੱਚ ਅਪਰਾਧ ਕੀਤਾ ਹੈ (ਜਾਂ ਕੀਤਾ ਹੋਣ ਦਾ ਸ਼ੱਕ ਹੈ) ਅਤੇ ਇਹ ਜਾਰੀ ਕੀਤੇ ਗਏ ਗ੍ਰਿਫਤਾਰੀ ਵਾਰੰਟ 'ਤੇ ਵਾਪਸ ਕਰ ਦਿੱਤਾ ਗਿਆ ਹੈ ਕਿ ਉਕਤ ਦੋਸ਼ੀ ਨਰੇਸ਼ ਨਹੀਂ ਮਿਲ ਸਕਦਾ ਅਤੇ ਜਦੋਂ ਕਿ ਮੇਰੀ ਸੰਤੁਸ਼ਟੀ ਅਨੁਸਾਰ ਇਹ ਦਿਖਾਇਆ ਗਿਆ ਹੈ ਕਿ ਉਕਤ ਨਰੇਸ਼ ਫਰਾਰ ਹੋ ਗਿਆ ਹੈ (ਜਾਂ ਉਕਤ ਵਾਰੰਟ ਦੀ ਸੇਵਾ ਤੋਂ ਬਚਣ ਲਈ ਆਪਣੇ ਆਪ ਨੂੰ ਲੁਕਾ ਰਿਹਾ ਹੈ)। ਇਸ ਦੁਆਰਾ ਐਲਾਨ ਕੀਤਾ ਜਾਂਦਾ ਹੈ ਕਿ ਉਕਤ ਦੋਸ਼ੀ ਨਰੇਸ਼, **ਐਫਆਈਆਰ ਨੰਬਰ 397/2010, ਯੂ/ਐਸ 377/506 ਆਈਪੀਸੀ**, ਪੀਐਸ ਜੋਤੀ ਨਗਰ, ਦਿੱਲੀ, ਨੂੰ 08.06.2026 ਦੇ ਦਿਨ ਜਾਂ ਇਸ ਤੋਂ ਪਹਿਲਾਂ ਸ਼ਿਕਾਇਤ ਦਾ ਜਵਾਬ ਦੇਣ ਲਈ ਇਸ ਅਦਾਲਤ (ਜਾਂ ਮੇਰੇ ਸਾਹਮਣੇ) ਵਿੱਚ ਪੇਸ਼ ਹੋਣਾ ਜ਼ਰੂਰੀ ਹੈ।

ਹੁਕਮ ਦੁਆਰਾ,
ਸ਼੍ਰੀ ਰਾਹੁਲ ਸੈਣੀ
ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ-08
ਕੋਰਟ ਨੰਬਰ 06, ਜ਼ਮੀਨੀ ਤਲ, ਨਵੀਂ ਇਮਾਰਤ
ਕੜਕੜਡੂਮਾ ਅਦਾਲਤਾਂ, ਸ਼ਾਹਦਰਾ ਦਿੱਲੀ
DP/5921/NE/2026(Court Matter)

ਰਜਿਸਟਰੀ ਨੰ: ਡੀ.ਐਲ.-33004/99 REGD. NO. D. L. - 33004/99

भारत का राजपत्र
The Gazette of India
ਸੀ.ਜੀ.-ਡੀ.ਐਲ.ਅ.-06052026-272275
CG-DL-E-06052026-272275
ਅਸਾਧਾਰਣ
EXTRAORDINARY
ਭਾਗ II – ਖੰਡ 3 – ਉਪ ਖੰਡ (ii)
PART II-Secggion 3 - Sub-section (ii)
ਪ੍ਰਾਧਿਕਾਰ ਦੇ ਪ੍ਰਕਾਸ਼ਿਤ
PUBLISHED BY AUTHORITY
ਨੰ: 2149] ਨਵੀਂ ਦਿੱਲੀ, ਬੁੱਧਵਾਰ, ਮਈ 6, 2026/ ਵੈਸ਼ਾਖ 16, 1948
No.2149] NEW DELHI, WEDNESDAY, MAY 6, 2026/VAISAKHA 16, 1948

ਰੇਲ ਮੰਤਰਾਲਾ
(ਉੱਤਰ ਰੇਲਵੇ) (ਨਿਰਮਾਣ ਸੰਗਠਨ)
ਅਧਿਸੂਚਨਾ
ਨਵੀਂ ਦਿੱਲੀ, 6 ਮਈ, 2026

ਕਾ.ਆ.2237(ਅ). – ਰੇਲਵੇ ਅਧਿਨਿਯਮ 1989 (2008 ਵਿਚ ਸੰਸ਼ੋਧਿਤ) ਦੀ ਧਾਰਾ ਦੇ ਉਪਖੰਡ (7-ਏ) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀਯ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਿਤ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਰੀ ਹੇਠਾ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਉਹ ਤਾਲਿਕਾ ਦੇ ਕਾਲਮ (5) ਵਿਚ ਵਰਣਿਤ ਰੇਲਵੇ ਪਰਿਯੋਜਨਾ ਦੇ ਕੰਮ ਪੂਰਾ ਕਰਨਾ ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਨਪਦ ਅਤੇ ਕਾਲਮ (4) ਵਿਚ ਵਰਣਿਤ ਰਾਜਯ ਵਿਚ **"ਸਖਸ਼ਮ ਪ੍ਰਾਧਿਕਾਰੀ"** ਦੇ ਰੂਪ ਵਿਚ ਕੰਮ ਪੂਰਾ ਕਰੇ ।

ਤਾਲਿਕਾ

ਲ.ਨੰ:	ਸਖਸ਼ਮ ਪ੍ਰਾਧਿਕਾਰੀ	ਜਨਪਦ	ਰਾਜਯ	ਰੇਲਵੇ ਪਰਿਯੋਜਨਾ ਦਾ ਨਾਮ
1	2	3	4	5
1	ਉਪ ਮੰਡਲ ਮਜਿਸਟ੍ਰੇਟ, ਰਾਜਪੁਰਾ	ਪਟਿਆਲਾ	ਪੰਜਾਬ	"ਉੱਤਰ ਰੇਲਵੇ ਦੇ ਨਯੂ ਸ਼ੰਭੂ ਸਟੇਸ਼ਨ ਤੋਂ ਕੋਲੀ ਸਟੇਸ਼ਨ ਤਕ ਡੀ.ਐਫ.ਸੀ.ਸੀ.ਆਈ.ਐਲ. ਲਈ ਰਾਜਪੁਰਾ ਬਾਈਪਾਸ ਲਾਇਨ (13.46 ਕਿ.ਮੀ.)" ਦੇ ਨਿਰਮਾਣ ਲਈ ।

ਕਾ.ਆ.2238(ਅ). – ਰੇਲਵੇ ਅਧਿਨਿਯਮ 1989 (2008 ਵਿਚ ਸੰਸ਼ੋਧਿਤ) ਦੀ ਧਾਰਾ 20-ਐਫ ਦੇ ਉਪਖੰਡ (6) ਦੁਆਰਾ ਪ੍ਰਦਤ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ, ਕੇਂਦਰੀਯ ਸਰਕਾਰ ਇਸ ਦੁਆਰਾ ਸਰਕਾਰੀ ਰਾਜਪੱਤਰ ਵਿਚ ਅਧਿਸੂਚਿਤ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਪ੍ਰਭਾਰੀ ਹੇਠਾ ਤਾਲਿਕਾ ਦੇ ਕਾਲਮ (2) ਵਿਚ ਵਰਣਿਤ ਅਧਿਕਾਰੀ ਨੂੰ ਪ੍ਰਾਧਿਕ੍ਰਿਤ ਕਰਦੀ ਹੈ ਕਿ ਉਹ ਤਾਲਿਕਾ ਦੇ ਕਾਲਮ (5) ਵਿਚ ਵਰਣਿਤ ਰੇਲਵੇ ਪਰਿਯੋਜਨਾ ਦੇ ਕੰਮ ਪੂਰਾ ਕਰਨਾ ਅਨੁਪਾਲਨ, ਪ੍ਰਬੰਧਨ ਅਤੇ ਪਰਿਚਾਲਨ ਲਈ ਕਾਲਮ (3) ਵਿਚ ਵਰਣਿਤ ਜਨਪਦ ਅਤੇ ਕਾਲਮ (4) ਵਿਚ ਵਰਣਿਤ ਰਾਜਯ ਵਿਚ **"ਆਰਬੀਟ੍ਰੇਟਰ"** ਦੇ ਰੂਪ ਵਿਚ ਕੰਮ ਪੂਰਾ ਕਰੇ ।

ਤਾਲਿਕਾ

ਲ.ਨੰ:	ਆਰਬੀਟ੍ਰੇਟਰ	ਜਨਪਦ	ਰਾਜਯ	ਰੇਲਵੇ ਪਰਿਯੋਜਨਾ ਦਾ ਨਾਮ
1	2	3	4	5
1	ਉਪ ਮੰਡਲ ਮਜਿਸਟ੍ਰੇਟ, ਪਟਿਆਲਾ	ਪਟਿਆਲਾ	ਪੰਜਾਬ	"ਉੱਤਰ ਰੇਲਵੇ ਦੇ ਨਯੂ ਸ਼ੰਭੂ ਸਟੇਸ਼ਨ ਤੋਂ ਕੋਲੀ ਸਟੇਸ਼ਨ ਤਕ ਡੀ.ਐਫ.ਸੀ.ਸੀ.ਆਈ.ਐਲ. ਲਈ ਰਾਜਪੁਰਾ ਬਾਈਪਾਸ ਲਾਇਨ (13.46 ਕਿ.ਮੀ.)" ਦੇ ਨਿਰਮਾਣ ਲਈ ।

[ਫ਼ਾ. ਨੰ: 190-W/Land/UMB/Rajpura Bypass Line]
1544A/26 ਸ਼ੈਲੇਸ਼ ਕੁਮਾਰ ਮਿਸ਼ਰਾ, ਮੁੱਖ ਪ੍ਰਸ਼ਾਸਨਿਕ ਅਧਿਕਾਰੀ (ਨਿਰਮਾਣ)

ਕੋਟਕ ਮਹਿੰਦਰਾ ਬੈਂਕ ਲਿਮਟਿਡ

ਮੰਗ ਨੋਟਿਸ
(ਸੈਕਸ਼ਨ 13(2), ਸਰਫਾਸੀ ਐਕਟ, 2002)

ਰਜਿਸਟਰਡ ਦਫ਼ਤਰ: ਕੋਟਕ ਮਹਿੰਦਰਾ ਬੈਂਕ ਲਿਮਟਿਡ, 27 ਬੀਕੇਸੀ, ਸੀ-27, ਜੀ-ਬਲਾਕ, ਬਾਂਦਰਾ (ਈ), ਮੁੰਬਈ - 400051
ਸ਼ਾਖਾ ਦਫ਼ਤਰ: 7ਵੀਂ ਮੰਜ਼ਿਲ, ਪਲਾਟ ਨੰਬਰ 7, ਸੈਕਟਰ-125, ਨੋਇਡਾ, ਉੱਤਰ ਪ੍ਰਦੇਸ਼ - 201313

ਹੇਠਾਂ ਦਿੱਤੇ ਗਏ ਕਰਜ਼ਦਾਰ ਨੇ ਇੱਥੇ ਦੱਸੇ ਗਏ ਕਰਜ਼ਦਾਤਾ ਤੋਂ ਕਰਜ਼ਾ ਲਿਆ ਸੀ ਜੋ ਕਿ ਕੋਟਕ ਮਹਿੰਦਰਾ ਬੈਂਕ ਲਿਮਟਿਡ ਨੂੰ ਸੌਂਪਿਆ ਗਿਆ ਹੈ। ਡਿਫਾਲਟ ਦੇ ਕਾਰਨ, ਕਰਜ਼ਾ ਐਨਪੀਏ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਨੋਟਿਸ ਧਾਰਾ 13(2) ਦੇ ਤਹਿਤ ਆਖਰੀ ਜਾਣੇ ਪਤੇ 'ਤੇ ਜਾਰੀ ਕੀਤਾ ਗਿਆ ਸੀ ਪਰ ਸੇਵਾ ਨਹੀਂ ਕੀਤੀ ਗਈ; ਇਸ ਤਰ੍ਹਾਂ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 3(1) ਦੇ ਤਹਿਤ ਵਿਕਲਪਿਕ ਸੇਵਾ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ।

ਕਰਜ਼ਦਾਰ(ਾਂ)/ਕਰਜ਼ਾ ਖਾਤਾ ਨੰਬਰ	ਗਿਰਵੀ ਸੰਪੱਤੀ ਦਾ ਵੇਰਵਾ	ਲੈਣਦਾਰ ਦਾ ਨਾਮ ਸੌਂਪਣ ਦੀ ਮਿਤੀ, ਮੰਗ ਮਿਤੀ ਅਤੇ ਰਕਮ
ਸ਼੍ਰੀਮਤੀ ਦਿਵਯੇਸ਼ ਸ਼੍ਰੀ ਰਾਮ ਪਾਲ ਖਾਤਾ : 13600002593	50 ਵਰਗ ਗਜ਼ ਦੀ ਜ਼ਮੀਨ ਦਾ ਇਹ ਸਾਰਾ ਟੁਕੜਾ ਬਲਾਕ ਨੰਬਰ 29 ਆਬਾਦੀ ਲੌਹਾਰਾ ਕਲੋਨੀ, ਚਿੰਤਪੂਰਨੀ ਮੰਦਰ ਦੇ ਨੇੜੇ, ਲੁਧਿਆਣਾ-141001 ਵਿੱਚ ਸਥਿਤ, ਜਿਹ ਖਾਤਾ ਨੰਬਰ 180/ 217, 181/218, 182/219, ਖਸਰਾ ਨੰਬਰ 8/12, 17/2, 2, 3, 4/1, 7/2, 8/2, 9, 11, 13/1, 18/2, 21/1, 26 ਨੂੰ ਪਿੰਡ ਵਾਰਮਾ ਵਜੋਂ ਸ਼ਾਮਲ ਕਰਦਾ ਹੈ। ਹੱਦਬੰਦੀ : ਪੂਰਬ: ਗੁਆਂਢੀ, ਪੱਛਮ: ਗਲੀ 20 ਫੁੱਟ ਚੌੜੀ, ਉੱਤਰ: ਪਲਾਟ ਨੰਬਰ 110, ਦੱਖਣ: ਪਲਾਟ ਨੰਬਰ 112, ਗਿਰਵੀਕਾਰ ਨਾਮ: ਸ਼੍ਰੀਮਤੀ ਦਿਵਯੇਸ਼	ਪੀਸੀਐਚਐਫਐਲ (ਪੀਰਾਮਲ ਕੈਪੀਟਲ ਅਤੇ ਹਾਊਸਿੰਗ ਫਾਇਨਾਂਸ ਲਿਮਿਟੇਡ), 27.12.2024/ 01.12.2025ਰੁ. 949239.91

ਤੁਹਾਨੂੰ ਇਸ ਨੋਟਿਸ ਦੇ 60 ਦਿਨਾਂ ਦੇ ਅੰਦਰ ਲਾਗੂ ਵਿਆਜ ਸਮੇਤ ਉਪਰੋਕਤ ਬਕਾਏ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ। ਅਜਿਹਾ ਨਾ ਕਰਨ 'ਤੇ, ਬੈਂਕ ਸੁਰੱਖਿਅਤ ਸੰਪਤੀ ਨੂੰ ਲਾਗੂ ਕਰਨ ਲਈ ਸਰਫਾਸੀ ਐਕਟ ਦੇ ਤਹਿਤ ਕਾਰਵਾਈ ਕਰੇਗਾ। ਧਾਰਾ 13 (8) ਦੇ ਤਹਿਤ, ਤੁਸੀਂ ਮਨਜ਼ੂਰ ਮਿਆਦ ਦੇ ਅੰਦਰ ਸੁਰੱਖਿਅਤ ਸੰਪਤੀ ਨੂੰ ਛੁਡਾ ਸਕਦੇ ਹੋ। ਧਾਰਾ 13 (13) ਦੇ ਤਹਿਤ, ਤੁਹਾਨੂੰ ਬੈਂਕ ਦੀ ਪੂਰਵ ਸਹਿਮਤੀ ਤੋਂ ਬਿਨਾਂ ਵਿਕਰੀ, ਲੀਜ਼, ਜਾਂ ਹੋਰ ਕਿਸੇ ਤਰ੍ਹਾਂ ਸੁਰੱਖਿਅਤ ਸੰਪਤੀ ਨੂੰ ਟ੍ਰਾਂਸਫਰ ਕਰਨ ਦੀ ਮਨਾਹੀ ਹੈ।
ਮਿਤੀ: 09.05.2026, ਸਥਾਨ: ਪੰਜਾਬ ਅਧਿਕਾਰਤ ਅਧਿਕਾਰੀ, ਕੋਟਕ ਮਹਿੰਦਰਾ ਬੈਂਕ ਲਿਮਟਿਡ ਲਈ।

ਸ਼੍ਰੀਰਾਮ ਫਾਇਨਾਂਸ ਲਿਮਟਿਡ

SHRIRAM Finance

ਪੰਜੀਕ੍ਰਿਤ ਦਫ਼ਤਰ : ਲਿਮਟਿਡ ਪੰਜੀ

ਐਨ.ਸੀ.ਸੀ. 3 ਬਟਾਲੀਅਨ ਨੇ 'ਆਪ੍ਰੇਸ਼ਨ ਸਿੰਦੂਰ' ਦੀ ਪਹਿਲੀ ਵਰ੍ਹੇਗੰਢ ਮਨਾਈ



ਲੁਧਿਆਣਾ, 8 ਮਈ (ਵਿਸ਼ਾਲ ਸ਼ਰਮਾ): ਐਨ.ਸੀ.ਸੀ 3 ਪੰਜਾਬ (ਲੜਕੀਆਂ) ਬਟਾਲੀਅਨ, ਲੁਧਿਆਣਾ ਵੱਲੋਂ ਓਪਰੇਸ਼ਨ ਸਿੰਦੂਰ ਦੀ ਪਹਿਲੀ ਵਰ੍ਹੇਗੰਢ ਦੇ ਮੌਕੇ 'ਤੇ ਵੱਖ-ਵੱਖ ਸਿੱਖਿਆ ਸੰਸਥਾਵਾਂ ਵਿੱਚ ਦੇਸ਼ਭਗਤੀ ਅਤੇ ਪ੍ਰੇਰਣਾਦਾਇਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ KGSSS, SHCS (SN), BVM Chandigarh Road ਅਤੇ BVM USN ਵਿੱਚ ਕਰਵਾਇਆ ਗਿਆ। ਇਨ੍ਹਾਂ ਸੰਸਥਾਵਾਂ ਦੇ ਐਨਸੀਸੀ ਕੈਡਿਟਾਂ ਨੇ ਭਾਰਤੀ ਸੈਨਿਕਾਂ ਦੀ ਬਹਾਦਰੀ ਅਤੇ ਮਹਾਨ ਬਲੀਦਾਨ ਨੂੰ ਨਮਨ ਕਰਦੇ ਹੋਏ ਵੱਖ-ਵੱਖ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੌਰਾਨ ਪੋਸਟਰ ਮੇਕਿੰਗ ਮੁਕਾਬਲੇ, ਦੇਸ਼ਭਗਤੀ ਗੀਤ, ਫਿਲਮ ਸਕ੍ਰੀਨਿੰਗ ਅਤੇ ਪ੍ਰੇਰਣਾਦਾਇਕ ਭਾਸ਼ਣ ਕਰਵਾਏ ਗਏ, ਜਿਨ੍ਹਾਂ ਦਾ ਉਦੇਸ਼ ਕੈਡਿਟਾਂ ਵਿੱਚ ਦੇਸ਼ਭਗਤੀ, ਅਨੁਸ਼ਾਸਨ ਅਤੇ ਸੇਵਾ ਭਾਵਨਾ ਨੂੰ ਮਜ਼ਬੂਤ ਕਰਨਾ ਸੀ। ਕੈਡਿਟਾਂ ਨੇ ਪੂਰੇ ਜੋਸ਼ ਅਤੇ ਅਨੁਸ਼ਾਸਨ ਨਾਲ ਪ੍ਰੋਗਰਾਮ ਵਿੱਚ ਭਾਗ ਲਿਆ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਦੇਸ਼ਭਗਤੀ, ਬਹਾਦਰੀ ਅਤੇ ਓਪਰੇਸ਼ਨ ਸਿੰਦੂਰ ਦੀ ਸਫਲਤਾ ਨੂੰ ਦਰਸਾਇਆ ਗਿਆ। ਭਾਸ਼ਣਾਂ ਰਾਹੀਂ ਕੈਡਿਟਾਂ ਨੇ ਦੇਸ਼ ਸੇਵਾ, ਅਨੁਸ਼ਾਸਨ ਅਤੇ ਸੈਨਿਕਾਂ ਦੇ ਬਲੀਦਾਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਫਿਲਮ ਸਕ੍ਰੀਨਿੰਗ ਅਤੇ ਦੇਸ਼ਭਗਤੀ ਗੀਤਾਂ ਨੇ ਸਾਰੇ ਮਾਹੌਲ ਨੂੰ ਦੇਸ਼ਭਗਤੀ ਨਾਲ ਭਰ ਦਿੱਤਾ। ਕਮਾਂਡਿੰਗ ਅਫਸਰ 3 ਪੀਬੀ (ਜੀ) ਬੀਐਨ ਐਨਸੀਸੀ, ਲੁਧਿਆਣਾ, ਕਰਨਲ ਆਰ.ਐਸ. ਚੌਹਾਨ ਨੇ ਕੈਡਿਟਾਂ ਨੂੰ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਅਤੇ ਦੇਸ਼ਭਗਤੀ ਭਾਵਨਾ ਲਈ ਪ੍ਰੇਰਿਤ ਅਤੇ ਸਰਾਹਿਆ। 8 ਮਈ 2026 ਨੂੰ ਆਯੋਜਿਤ ਇਸ ਪ੍ਰੋਗਰਾਮ ਵਿੱਚ ਕੁੱਲ 144 ਐਨਸੀਸੀ ਕੈਡਿਟਾਂ ਨੇ ਭਾਗ ਲਿਆ। ਇਹ ਪ੍ਰੋਗਰਾਮ ਬਹੁਤ ਹੀ ਪ੍ਰੇਰਣਾਦਾਇਕ, ਜਾਣਕਾਰੀਪੂਰਣ ਅਤੇ ਸਫਲ ਰਿਹਾ, ਜਿਸ ਨੇ ਕੈਡਿਟਾਂ ਨੂੰ ਜ਼ਿੰਮੇਵਾਰ ਨਾਗਰਿਕ ਅਤੇ ਭਵਿੱਖ ਦੇ ਚੰਗੇ ਨੇਤਾ ਬਣਨ ਲਈ ਪ੍ਰੇਰਿਤ ਕੀਤਾ।

ਯੂਰੀਆ ਦੀ ਕਾਲਾਬਾਜ਼ਾਰੀ ਬੇਨਕਾਬ 560 ਥੈਲੇ ਬਰਾਮਦ



ਲੁਧਿਆਣਾ, 8 ਮਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਆਗਾਮੀ ਸਾਉਣੀ ਦੇ ਸੀਜਨ ਦੌਰਾਨ ਮਿਆਰੀ ਖੇਤੀ ਇਨਪੁੱਟ ਮੁਹੱਈਆ ਕਰਵਾਉਣ ਹਿੱਤ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਕੱਤਰ ਖੇਤੀਬਾੜੀ ਅਸ਼ਦੀਪ ਥਿੰਦ ਅਤੇ ਡਾਇਰੈਕਟਰ ਖੇਤੀਬਾੜੀ ਡਾ. ਗੁਰਜੀਤ ਸਿੰਘ ਬਰਾੜ ਦੀਆਂ ਖੇਤੀ ਯੋਗ ਯੂਰੀਆ ਦੀ ਨਿਰਵਿਘਨ ਸਪਲਾਈ ਅਤੇ ਬਲੈਕ ਮਾਰਕੀਟਿੰਗ ਰੋਕਣ ਦੀਆਂ ਹਦਾਇਤਾਂ ਦੇ ਮੱਦੇ ਨਜ਼ਰ 7 ਮਈ, 2026 ਨੂੰ ਡਾ. ਗੁਰਦੀਪ ਸਿੰਘ, ਮੁੱਖ ਖੇਤੀਬਾੜੀ ਅਫਸਰ ਲੁਧਿਆਣਾ ਦੀ ਅਗਵਾਈ ਵਾਲੀ ਟੀਮ ਨੂੰ ਮਿਲੀ ਗੁਪਤ ਸੂਚਨਾ ਦੇ ਆਧਾਰ 'ਤੇ ਸ੍ਰੀ ਸ਼ਾਮ ਰਾਈਸ ਮਿੱਲ, ਖੁਦਾਈ ਚੱਕ ਲੁਧਿਆਣਾ ਵਿਖੇ ਰੇਡ ਕੀਤੀ ਗਈ। ਇਸ ਮੌਕੇ 'ਤੇ ਰਾਈਸ ਮਿੱਲ ਵਿੱਚੋਂ ਯੂਰੀਆ ਦੇ 560 ਥੈਲੇ ਬਰਾਮਦ ਹੋਏ। ਮੌਕੇ 'ਤੇ ਰਾਈਸ ਮਿੱਲ ਦੇ ਮਾਲਕ ਅਭਿਨੇਸ਼ ਕੁਮਾਰ ਤੋਂ ਮਿੱਲੀ ਬਿਲਟੀ ਤੋਂ ਪਤਾ ਲੱਗਿਆ ਕਿ ਇਹ ਯੂਰੀਆ ਬੱਦੋਵਾਲ ਰੈਕ ਪੁਆਇੰਟ ਤੋਂ ਨਿੱਜੀ ਸਵਾਰਥ ਅਤੇ ਮੁਨਾਫਾ ਲੈਣ ਲਈ ਗੋਇਲ ਐਂਡ ਕੰਪਨੀ ਸੁਨਾਮ ਵੱਲੋਂ ਵਿਕਰੀ ਨਿਯਮਾਂ ਦੀ ਉਲੰਘਣਾ ਕਰਕੇ ਸਪਲਾਈ ਕੀਤਾ ਗਿਆ ਹੈ। ਦੋਸ਼ੀਆਂ ਵਿੱਚੋਂ ਕਿਸੇ ਪਾਸ ਵੀ ਖਾਦ ਦਾ ਕਾਰੋਬਾਰ ਕਰਨ ਦਾ ਲਾਇਸੰਸ ਨਹੀਂ ਮਿਲਿਆ। ਸ਼ੈਲਰ ਮਾਲਕ ਪੈਸਟੀਸਾਈਡ ਦੀ ਵਿਕਰੀ ਦਾ ਕੰਮ ਵੀ ਕਰ ਰਿਹਾ ਹੈ। ਸ਼ੈਲਰ ਮਾਲਕ ਵੱਲੋਂ ਆਪਣੇ ਭਰਾ ਵਨੀਤ ਕੁਮਾਰ ਅਤੇ ਹੋਰਨਾਂ ਨਾਲ ਰਲ ਕੇ ਸਬਸਿਡੀ ਤੇ ਉਪਲੱਬਧ ਯੂਰੀਆ ਖਾਦ ਦੀ ਗਲਤ ਤਰੀਕੇ ਨਾਲ ਖਰੀਦ ਕਰਕੇ ਲੁਕ-ਛੁਪ ਕੇ ਰੱਖਣ ਕਰਕੇ ਕਾਲਾ ਬਜਾਰੀ ਕੀਤੇ ਜਾਣ ਦਾ ਸ਼ੱਕ ਹੈ। ਟੀਮ ਵੱਲੋਂ ਸ਼ੈਲਰ ਮਾਲਕ ਦੀ ਪੈਸਟੀਸਾਈਡ ਦੀ ਦੁਕਾਨ 'ਤੇ ਵੀ ਚੈਕਿੰਗ ਕੀਤੀ ਗਈ ਅਤੇ ਉੱਥੇ ਵੀ ਅਣਅਧਿਕਾਰਤ ਤੌਰ 'ਤੇ ਸਟੋਰ ਕੀਤਾ ਖਾਦ ਦਾ ਸਟਾਕ ਪਾਇਆ ਗਿਆ। ਖਾਦ ਅਮਗੀਕਾ ਹਰਸ਼ ਕੁਮਾਰ ਮਹੇ ਵੱਲੋਂ ਪੁਲਿਸ ਪਾਰਟੀ ਸਿੱਧਵਾਂ ਬੇਟ ਨੂੰ ਮੌਕੇ 'ਤੇ ਬੁਲਾ ਕੇ ਕਾਰਵਾਈ ਕੀਤੀ ਗਈ ਅਤੇ ਪਰਚਾ ਦਰਜ ਕਰਵਾਇਆ ਗਿਆ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਲੁਧਿਆਣਾ ਡਾ. ਗੁਰਦੀਪ ਸਿੰਘ ਨੇ ਕਿਹਾ ਕਿ ਜੋ ਵੀ ਵਿਅਕਤੀ ਖਾਦ ਦੀ ਕਾਲਾਬਜਾਰੀ ਕਰੇਗਾ, ਉਸ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ। ਉਕਤ ਚੈਕਿੰਗ ਟੀਮ ਵਿੱਚ ਡਾ. ਰਮਿੰਦਰ ਸਿੰਘ ਖੇਤੀਬਾੜੀ ਅਫਸਰ, ਡਾ. ਸੁਖਬੀਰ ਸਿੰਘ ਏਡੀਓ, ਡਾ. ਜਤਿੰਦਰ ਸਿੰਘ ਏਡੀਓ, ਡਾ. ਮਨਜੀਤ ਸਿੰਘ ਏਡੀਓ, ਡਾ. ਅਮਨਦੀਪ ਸ਼ਰਮਾ ਏਡੀਓ ਵੀ ਸ਼ਾਮਲ ਸਨ।

10 ਲੱਖ ਦੇ ਕੈਸ਼ਲੈੱਸ ਇਲਾਜ ਦਾ ਐਲਾਨ ਸਿਰਫ਼ ਚੋਣ ਸਟੰਟ : ਧੀਮਾਨ



ਲੁਧਿਆਣਾ, 8 ਮਈ (ਰਵਿੰਦਰ ਸਿੰਘ ਨਿੱਝਰ): ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 10 ਲੱਖ ਰੁਪਏ ਤੱਕ ਦੇ ਕੈਸ਼ਲੈੱਸ ਇਲਾਜ ਦੇ ਐਲਾਨ ਨੂੰ ਲੈ ਕੇ ਭਾਜਪਾ ਵੱਲੋਂ ਤਿੱਖੀ ਪ੍ਰਤੀਕ੍ਰਿਆ ਸਾਹਮਣੇ ਆਈ ਹੈ। ਭਾਜਪਾ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਇਸਨੂੰ ਗੁੰਮਰਾਹ ਕਰਨ ਵਾਲਾ ਅਤੇ ਚੋਣ ਸਟੰਟ ਕਰਾਰ ਦਿੱਤਾ ਹੈ।ਧੀਮਾਨ ਨੇ ਕਿਹਾ ਕਿ ਇਹ ਐਲਾਨ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਲਈ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਪਹਿਲਾਂ ਹੀ 4 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਹੇਠ ਹੈ ਅਤੇ ਸਰਕਾਰ ਕੋਲ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਦੇਣ ਲਈ ਵੀ ਪੈਸੇ ਨਹੀਂ ਹਨ, ਤਾਂ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਕਿਵੇਂ ਸੰਭਵ ਹੈ।ਉਨ੍ਹਾਂ ਦੋਸ਼ ਲਾਇਆ ਕਿ ਇਹ ਯੋਜਨਾ ਸਿਰਫ਼ ਕਾਗਜ਼ੀ ਵਾਅਦੇ ਅਤੇ ਪ੍ਰਚਾਰਬਾਜ਼ੀ ਤੱਕ ਹੀ ਸੀਮਿਤ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਸਾਰੇ ਪ੍ਰਾਈਵੇਟ ਹਸਪਤਾਲਾਂ ਨੂੰ ਇਸ ਯੋਜਨਾ ਅਧੀਨ ਇਲਾਜ ਦੇਣ ਲਈ ਕਹਿਣ ਨਾਲ ਰਾਜ 'ਤੇ ਵਾਧੂ ਆਰਥਿਕ ਬੋਝ ਪਵੇਗਾ।ਧੀਮਾਨ ਨੇ ਹੋਰ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਇੱਕ ਤੁਗਲਕੀ ਫਰਮਾਨ ਜਾਰੀ ਕਰਦਿਆਂ ਸਾਰੇ ਹਸਪਤਾਲਾਂ ਨੂੰ ਆਪਣੇ ਖਰਚੇ 'ਤੇ 10ਗ20 ਫੁੱਟ ਦਾ ਮੁੱਖ ਮੰਤਰੀ ਸਿਹਤ ਯੋਜਨਾ ਦਾ ਵੱਡਾ ਫਲੈਕਸ ਬੋਰਡ ਬਿਨਾਂ ਨਗਰ ਨਿਗਮ ਦੀ ਮਨਜ਼ੂਰੀ ਤੋਂ ਬਾਹਰ ਲਗਾਉਣ ਦੇ ਹੁਕਮ ਦਿੱਤੇ ਹਨ।ਉਨ੍ਹਾਂ ਕਿਹਾ ਕਿ ਸਿਵਲ ਸਰਜਨ ਦੇ ਹੁਕਮਾਂ ਅਨੁਸਾਰ ਹਰ ਹਸਪਤਾਲ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਸਵੀਰ ਨਾਲ ਇਹ ਬੋਰਡ ਲਗਾਉਣਾ ਪਵੇਗਾ, ਜੋ ਕਿ ਹਕੀਕਤ ਵਿੱਚ ਸੰਭਵ ਨਹੀਂ। ਉਨ੍ਹਾਂ ਸਵਾਲ ਉਠਾਇਆ ਕਿ ਜਿਨ੍ਹਾਂ ਹਸਪਤਾਲਾਂ ਦਾ ਫਰੰਟ ਹੀ 20 ਫੁੱਟ ਤੋਂ ਘੱਟ ਹੈ, ਉਹ ਇਸ ਹੁਕਮ ਦੀ ਪਾਲਣਾ ਕਿਵੇਂ ਕਰਨਗੇ।ਇਸ ਮੌਕੇ 'ਤੇ ਜ਼ਿਲ੍ਹਾ ਉਪ ਪ੍ਰਧਾਨ ਮਹੇਸ਼ ਸ਼ਰਮਾ, ਡਾ.ਨਿਰਮਲ ਨੈਅਰ, ਨਵਲ ਜੈਨ, ਪ੍ਰੈਸ ਸਕੱਤਰ ਡਾ.ਸਤੀਸ਼ ਕੁਮਾਰ, ਸੁਰੇਂਦਰ ਕੌਸ਼ਲ ਅਤੇ ਸੌਰਵ ਕਪੂਰ ਆਦਿ ਵੀ ਮੌਜੂਦ ਸਨ।

ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਭਲਕੇ

ਲੁਧਿਆਣਾ, 8 ਮਈ (ਰਵਿੰਦਰ ਸਿੰਘ ਨਿੱਝਰ) : ਜਿਹੜੀਆਂ ਕੌਮਾਂ ਆਪਣੇ ਵਿਰਸੇ ਅਤੇ ਇਤਿਹਾਸ ਨੂੰ ਯਾਦ ਰੱਖਦੀਆਂ ਨੇ ਉਹ ਕੌਮਾਂ ਹਮੇਸ਼ਾ ਤਰੱਕੀ ਕਰਦੀਆਂ ਨੇ। ਸ਼੍ਰੋਮਣੀ ਅਕਾਲੀ ਦਲ ਪੰਜਾਬ ਵਾਸੀਆਂ ਦੀ ਮਾਂ ਪਾਰਟੀ ਅਤੇ ਖੇਤਰੀ ਪਾਰਟੀ ਹੈ, ਜਿਸ ਨੇ ਹਮੇਸ਼ਾ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਤੇ ਪਹਿਰਾ ਦਿੱਤਾ ਹੈ। ਸਿੱਖ ਕੌਮ ਨਾਲ ਸਮੂਹ ਇਤਿਹਾਸਕ ਦਿਹਾੜੇ, ਸਿੱਖ ਕੌਮ ਦੇ ਯੋਧੇ ਜਰਨੈਲਾਂ ਦੇ ਜਨਮ ਦਿਨ ਤੇ ਬਰਸੀਆਂ ਮਨਾਉਣ ਦਾ ਸੁਭਾਗਾ ਸਮਾਂ ਵੀ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬੀ.ਸੀ.ਵਿੰਗ ਦੇ ਕੌਮੀ ਪ੍ਰਧਾਨ ਜਥੇਦਾਰ ਹੀਰਾ ਸਿੰਘ ਗਾਬੜੀਆ, ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ, ਹਲਕਾ ਪੱਛਮੀ ਦੇ ਇੰਚਾਰਜ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਸਾਬਕਾ ਚੇਅਰਮੈਨ ਬਾਬਾ ਅਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਐਸ.ਸੀ. ਵਿੰਗ ਦੇ ਸ਼ਹਿਰੀ ਪ੍ਰਧਾਨ ਕੁਲਦੀਪ ਸਿੰਘ ਖਾਲਸਾ, ਯੂਥ ਆਗੂ ਜਸਦੀਪ ਸਿੰਘ ਕਾਉਂਕੇ, ਸੀਨੀਅਰ ਅਕਾਲੀ ਆਗੂ ਸੰਦੀਪ ਸਿੰਘ ਖੋਸਾ ਅਤੇ ਸ਼੍ਰੋਮਣੀ ਅਕਾਲੀ ਦਲ ਬੀ.ਸੀ. ਵਿੰਗ ਸਹਿਰੀ ਪ੍ਰਧਾਨ ਗੁਰਦੀਪ ਸਿੰਘ ਲੀਲ ਨੇ ਕਿਹਾ ਕਿ 10 ਮਈ ਦਿਨ ਐਤਵਾਰ ਬਾਅਦ ਦੁਪਹਿਰ 2 ਵਜੇ ਸਿੱਖ ਕੌਮ ਦੇ ਮਹਾਨ ਜਰਨੈਲ ਯੋਧੇ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 303ਵਾਂ ਜਨਮ ਦਿਹਾੜਾ ਦਾਣਾ ਮੰਡੀ, ਅਰੋੜਾ ਪੈਲੇਸ, ਗਿੱਲ ਰੋਡ ਵਿਖੇ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਜਿਸ ਵਿੱਚ ਮੁੱਖ ਮਹਿਮਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸ਼੍ਰੋਮਣੀ ਅਕਾਲੀ ਦਲ ਸੀਨੀਅਰ ਲੀਡਰਸ਼ਿਪ, ਯੂਥ ਅਕਾਲੀ ਦਲ ਦੇ ਨੌਜਵਾਨ, ਬੀ.ਸੀ.ਵਿੰਗ ਅਤੇ ਐਸ ਸੀ ਵਿੰਗ ਅਹੁਦੇਦਾਰ ਤੇ ਵਰਕਰ ਵੱਡੀ ਗਿਣਤੀ ਪਹੁੰਚ ਰਹੇ ਹਨ। ਇਸ ਸਮੇਂ ਗੁਰਦੀਪ ਸਿੰਘ ਲੀਲ ਨੇ ਕਿਹਾ ਕਿ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ।

ਲੁਧਿਆਣਾ ਵਿਖੇ ਕੌਮੀ ਲੋਕ ਅਦਾਲਤ ਅੱਜ



ਲੁਧਿਆਣਾ, 8 ਮਈ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਲੁਧਿਆਣਾ ਵਿਖੇ ਮਿਤੀ 9 ਮਈ ਨੂੰ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ, ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਮੈਡਮ ਹਰਪ੍ਰੀਤ ਕੌਰ ਰੰਧਾਵਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਯੋਗ ਅਗਵਾਈ ਹੇਠ ਮਿਤੀ 09.05.2026 ਨੂੰ ਨਿਆਂਇਕ ਅਦਾਲਤਾਂ ਲੁਧਿਆਣਾ, ਜਗਰਾਓਂ, ਸਮਰਾਲਾ, ਖੰਨਾ ਅਤੇ ਪਾਇਲ ਵਿਖੇ ਇੱਕ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਹਿਮਾਂਸ਼ੂ ਅਰੋੜਾ, ਮਾਨਯੋਗ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਨੇ ਦੱਸਿਆ ਕਿ ਧਿਰਾਂ ਵਿਚਕਾਰ ਆਪਸੀ ਰਜ਼ਾਮੰਦੀ ਰਾਹੀਂ ਪ੍ਰੀ-ਲਿਟੀਗੇਟਿਵ ਅਤੇ ਲੰਬਿਤ ਦੀਵਾਨੀ ਅਤੇ ਰਾਜੀਨਾਮੇ ਯੋਗ ਫੌਜਦਾਰੀ ਮਾਮਲਿਆਂ ਦਾ ਨਿਪਟਾਰਾ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਹੈੱਡਕੁਆਰਟਰ, ਲੁਧਿਆਣਾ ਵਿਖੇ ਕੁੱਲ 48 ਬੈਂਚਾਂ ਦਾ ਅਤੇ ਜਗਰਾਓਂ, ਸਮਰਾਲਾ, ਖੰਨਾ ਅਤੇ ਪਾਇਲ ਸਬ-ਡਵੀਜ਼ਨਾਂ ਵਿਖੇ ਕੁੱਲ 10 ਬੈਂਚਾਂ ਦਾ ਗਠਨ ਕੀਤਾ ਗਿਆ ਹੈ। ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਨੇ ਅੱਗੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦੌਰਾਨ 1,00,000 ਤੋਂ ਵੱਧ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ ਅਤੇ ਮਾਨਯੋਗ ਜੂਡੀਸ਼ੀਅਲ ਅਫਸਰਾਂ ਵੱਲੋਂ ਇਨ੍ਹਾਂ ਕੇਸਾਂ ਦੇ ਪ੍ਰਭਾਵਸ਼ਾਲੀ ਨਿਪਟਾਰੇ ਲਈ ਵੱਧ ਤੋਂ ਵੱਧ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤਾਂ ਦੇ ਬਹੁਤ ਫਾਇਦੇ ਹਨ ਜਿਵੇ ਕਿ ਕੇਸਾਂ ਦਾ ਜਲਦੀ ਨਿਪਟਾਰਾ, ਇਸ ਦੇ ਫੈਸਲੇ ਨੂੰ ਸਿਵਿਲ ਕੋਰਟ ਦੀ ਡਿਕਰੀ ਦੀ ਮਾਣਤਾ ਪ੍ਰਾਪਤ ਹੋਣਾ, ਲੋਕ ਅਦਾਲਤ ਦੇ ਫੈਸਲੇ ਵਿਰੁੱਧ ਕੋਈ ਅਪੀਲ ਨਾ ਹੋਣੀ, ਕੋਰਟ ਫੀਸ ਦੀ ਵਾਪਸੀ ਹੋਣੀ ਅਤੇ ਫੈਸਲਿਆਂ ਦਾ ਅੰਤਿਮ ਹੋਣਾ। ਉਨ੍ਹਾਂ ਅੱਗੇ ਦੱਸਿਆ ਕਿ ਕੋਈ ਵੀ ਵਿਅਕਤੀ ਜੋ ਕੌਮੀ ਲੋਕ ਅਦਾਲਤ ਰਾਹੀਂ ਆਪਣਾ ਕੇਸ ਨਿਪਟਾਉਣ ਲਈ ਤਿਆਰ ਹੈ, ਤਾਂ ਉਹ ਉਸ ਅਦਾਲਤ ਦੇ ਪ੍ਰੀਜ਼ਾਈਡਿੰਗ ਅਫਸਰ ਕੋਲ ਪਹੁੰਚ ਕਰ ਸਕਦਾ ਹੈ। ਜਿੱਥੇ ਕੇਸ ਲੰਬਿਤ ਹੈ ਜਦੋਂ ਕਿ ਪ੍ਰੀ-ਲਿਟੀਗੇਟਿਵ ਮਾਮਲਿਆਂ ਵਿੱਚ ਬੇਨਤੀਆਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਈਆਂ ਜਾ ਸਕਦੀਆਂ ਹਨ। ਵਧੇਰੇ ਜਾਣਕਾਰੀ ਲਈ ਟੋਲ ਫ੍ਰੀ ਨੰਬਰ 15100 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅੰਤ ਵਿੱਚ, ਉਨ੍ਹਾਂ ਜਨਤਾ ਨੂੰ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਫਾਇਦਾ ਉਠਾਉਣ ਅਤੇ ਆਪਣੇ ਵਿਵਾਦਾਂ ਦਾ ਜਲਦੀ ਨਿਪਟਾਰਾ ਪ੍ਰਾਪਤ ਕਰਨ ਦੀ ਅਪੀਲ ਕੀਤੀ।

ਸਕਰੈਪ ਵਪਾਰੀਆਂ ਵੱਲੋਂ ਭਵਿੱਖ ਵਿੱਚ ਵਪਾਰੀਆਂ ਦੇ ਭਲੇ ਲਈ ਹੋਰ ਕਦਮ ਚੁੱਕਣ ਦਾ ਫ਼ੈਸਲਾ



ਲੁਧਿਆਣਾ, 8 ਮਈ (ਰਵਿੰਦਰ ਸਿੰਘ ਨਿੱਝਰ) : ਲੁਧਿਆਣਾ ਸਕਰੈਪ ਟਰੇਡਰਜ਼ ਐਸੋਸੀਏਸ਼ਨ ਦੀ ਇੱਕ ਵਿਸ਼ੇਸ਼ ਮੀਟਿੰਗ ਐਸੋਸੀਏਸ਼ਨ ਦੇ ਮੁੱਖ ਦਫਤਰ ਗਿੱਲ ਰੋਡ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ

ਹਲਕਾ ਗਿੱਲ 'ਚ ਕਾਂਗਰਸ ਦੇ ਮੁਕਾਬਲੇ 'ਚ ਨਾ ਆਪ, ਨਾ ਅਕਾਲੀ ਅਤੇ ਨਾ ਹੀ ਭਾਜਪਾ : ਸ਼ਿਮਲਾਪੁਰੀ



ਲੁਧਿਆਣਾ, 8 ਮਈ (ਰਵਿੰਦਰ ਸਿੰਘ ਨਿੱਝਰ): ਪੰਜਾਬ 'ਚ ਕਾਂਗਰਸ ਦੀਆਂ ਨੀਤੀਆਂ ਹਮੇਸ਼ਾ ਲੋਕ-ਪੱਖੀ ਰਹੀਆਂ ਹਨ। ਪੰਜਾਬ ਦੇ ਲੋਕ 2027 'ਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦੇਖਣ ਲਈ ਪੱਬਾਂ ਭਾਰ ਹੋਏ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਗਿੱਲ ਤੋਂ ਸੀਨੀਅਰ ਕਾਂਗਰਸੀ ਆਗੂ ਜਰਨੈਲ ਸਿੰਘ ਸ਼ਿਮਲਾਪੁਰੀ ਨੇ ਦਾਅਵਾ ਕਰਦਿਆਂ ਕੀਤਾ, ਕਿ ਪੰਜਾਬ ਦੇ ਲੋਕ ਦੁਬਾਰਾ ਕਾਂਗਰਸ ਦੀ ਸਰਕਾਰ ਚਾਹੁੰਦੇ ਹਨ। ਉਨ੍ਹਾਂ ਅਨੁਸਾਰ ਕਾਂਗਰਸ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਸ਼ਾਨਦਾਰ ਜਿੱਤ ਪ੍ਰਾਪਤ ਕਰ ਕੇ ਸੂਬੇ 'ਚ ਆਪਣੀ ਸਰਕਾਰ ਬਣਾਏਗੀ। ਇਸਦਾ ਮੁੱਖ ਕਾਰਨ ਇਹ ਹੈ ਕਿ ਪੰਜਾਬ ਦੇ ਲੋਕ ਹੁਣ ਕਾਂਗਰਸ ਸਰਕਾਰ ਦੇ ਸ਼ਾਸਨ ਦੌਰਾਨ ਕੀਤੇ ਗਏ, ਵਿਕਾਸ ਕਾਰਜਾਂ ਤੇ ਲੋਕਾਂ ਨੂੰ ਦਿੱਤੀਆਂ ਗਈਆਂ ਸਹੂਲਤਾਂ ਨੂੰ ਯਾਦ ਕਰ ਰਹੇ ਹਨ। ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ 'ਚ ਬੁਨਿਆਦੀ ਢਾਂਚੇ ਦੇ ਵਿਕਾਸ, ਸਿੱਖਿਆ, ਸਿਹਤ ਤੇ ਰੁਜ਼ਗਾਰ ਦੇ ਖੇਤਰ 'ਚ ਮਹੱਤਵਪੂਰਨ ਕਦਮ ਚੁੱਕੇ ਗਏ ਸਨ, ਜਿਨ੍ਹਾਂ ਦਾ ਲਾਭ ਅੱਜ ਵੀ ਲੋਕਾਂ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪੰਜਾਬ 'ਚ ਜੜ੍ਹਾਂ ਮਜ਼ਬੂਤ ਕਰ ਰਹੀ ਹੈ, ਤੇ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰ ਘਰ-ਘਰ ਜਾ ਕੇ ਲੋਕਾਂ ਨੂੰ ਕਾਂਗਰਸ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਬਾਰੇ ਜਾਗਰੂਕ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ 'ਚ 2022 ਆਪ ਸਰਕਾਰ ਬਣਨ ਤੋਂ ਬਾਅਦ ਪੰਜਾਬ ਸਿਰਫ ਕਰਜ਼ ਦੀ ਮਾਰ ਝੱਲ ਰਿਹਾ ਹੈ। ਪੰਜਾਬ 'ਚ ਨਾ ਕੋਈ ਵਿਕਾਸ ਨਾ ਕੋਈ ਭਲਾਈ ਦਾ ਕੰਮ ਕੀਤਾ ਹੈ, ਜੇਕਰ ਕੀਤਾ ਹੈ ਸਿਰਫ ਮਸ਼ਹੂਰੀ ਤੇ ਦਿੱਲੀ ਵਿੱਚ ਬੈਠੇ ਅਰਵਿੰਦ ਕੇਜਰੀਵਾਲ ਦੇ ਘਰ ਕਥਿਤ ਤੌਰ 'ਤੇ ਪੰਜਾਬ ਦਾ ਪੈਸਾ ਜਾ ਰਿਹਾ ਹੈ।ਹਲਕਾ ਗਿੱਲ 'ਚ ਵਿਧਾਇਕ ਦੀ ਕਥਿਤ ਸ਼ਹਿ 'ਤੇ ਨਜਾਇਜ਼ ਮਾਈਨਿੰਗ ਹੋ ਰਹੀ, ਹਲਕੇ 'ਚ ਅਣ ਅਧਿਕਾਰਤ ਕਾਲੋਨੀਆਂ ਕੱਟ ਕੇ ਪੰਜਾਬ ਦੇ ਖ਼ਜ਼ਾਨੇ ਨੂੰ ਚੂਨਾ ਲਗਾ ਰਹੇ।ਹਲਕੇ ਦੇ ਲੋਕ ਆਪ ਵਿਧਾਇਕ ਤੋਂ ਕਥਿਤ ਤੌਰ 'ਤੇ ਬਹੁਤ ਦੁਖੀ ਹਨ।ਸ਼ਿਮਲਾਪੁਰੀ ਨੇ ਕਿਹਾ ਕਿ ਅਕਾਲੀ ਦਲ ਤਾਂ ਉਹ ਧੜੇ ਬੰਦੀ ਹੋਣ ਕਰਕੇ ਹਲਕੇ ਦੇ ਵਾਸੀਆਂ 'ਤੇ ਖਰੀ ਨਹੀਂ ਉਤਰ ਰਹੀ।ਅਕਾਲੀ ਦਲ ਦੇ ਹਲਕਾ ਇੰਚਾਰਜ ਨੂੰ ਮੀਟਿੰਗ ਕਰਵਾਉਣ ਲਈ ਕਈ ਤਰ੍ਹਾਂ ਦੇ ਪਾਪੜ ਬੇਲਣੇ ਪਏ। ਸ਼ਿਮਲਾਪੁਰੀ ਨੇ ਕਿਹਾ ਕਿ ਹਲਕਾ ਗਿੱਲ ਸਮੇਤ ਪੂਰੇ ਪੰਜਾਬ 'ਚ ਭਾਜਪਾ ਤੇ ਆਮ ਆਦਮੀ ਪਾਰਟੀ ਦਾ ਕੋਈ ਵਜੂਦ ਨਹੀਂ ਹੈ ਲੋਕ 2027 'ਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣਗੇ।

ਪੰਜਾਬ ਦੀ ਬੈਂਕਿੰਗ ਪ੍ਰਣਾਲੀ ਜਨਗਣਨਾ ਡਿਊਟੀਆਂ ਕਾਰਨ ਆਂਸ਼ਿਕ ਤੌਰ 'ਤੇ ਠੱਪ ਹੋਣ ਦੇ ਕੰਢੇ : ਦੀਵਾਨ



ਲੁਧਿਆਣਾ, 8 ਮਈ (ਰਵਿੰਦਰ ਸਿੰਘ ਨਿੱਝਰ): ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਪੰਜਾਬ ਸਰਕਾਰ ਵੱਲੋਂ ਬੈਂਕ ਕਰਮਚਾਰੀਆਂ ਨੂੰ ਜਨਗਣਨਾ ਸਬੰਧੀ ਡਿਊਟੀਆਂ 'ਤੇ ਤਾਇਨਾਤ ਕਰਨ ਦੇ ਫੈਸਲੇ 'ਤੇ ਤਿੱਖਾ ਹਮਲਾ ਬੋਲਦਿਆਂ, ਇਸਨੂੰ ਪ੍ਰਸ਼ਾਸਨਿਕ ਤੌਰ 'ਤੇ ਗੈਰ-ਜ਼ਿੰਮੇਵਾਰ ਅਤੇ ਆਰਥਿਕ ਤੌਰ 'ਤੇ ਵਿਨਾਸ਼ਕਾਰੀ ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਪਹਿਲਾਂ ਹੀ ਵੱਧ ਬੋਝ ਹੇਠ ਕੰਮ ਕਰ ਰਹੇ ਬੈਂਕ ਕਰਮਚਾਰੀਆਂ ਨੂੰ ਐਸਆਈਆਰ ਟ੍ਰੇਨਿੰਗ ਅਤੇ ਸਰਵੇ ਡਿਊਟੀਆਂ ਲਈ ਹਟਾਉਣ ਕਾਰਨ ਸੂਬੇ ਭਰ ਵਿੱਚ ਉਦਯੋਗ ਅਤੇ ਲੋਕ ਸੇਵਾਵਾਂ ਵਿੱਚ ਹਾਹਾਕਾਰ ਮਚ ਗਈ ਹੈ। ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਰਹੇ, ਦੀਵਾਨ ਨੇ ਕਿਹਾ ਕਿ ਪੰਜਾਬ ਦੀ ਨਾਜ਼ੁਕ ਉਦਯੋਗਿਕ ਅਰਥ ਵਿਵਸਥਾ ਨੂੰ ਹੋਰ ਡੂੰਘੇ ਸੰਕਟ ਵੱਲ ਧੱਕਿਆ ਜਾ ਰਿਹਾ ਹੈ, ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਵੱਡੀ ਗਿਣਤੀ ਵਿੱਚ ਬੈਂਕ ਕਰਮਚਾਰੀਆਂ ਨੂੰ ਹੋਰ ਡਿਊਟੀਆਂ 'ਤੇ ਲਗਾਉਣ ਨਾਲ ਰੋਜ਼ਾਨਾ ਬੈਂਕਿੰਗ ਦਾ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਅਹਿਮ ਵਿੱਤੀ ਸੇਵਾਵਾਂ ਠੱਪ ਹੋਣ ਦੇ ਕਗਾਰ 'ਤੇ ਪਹੁੰਚ ਗਈਆਂ ਹਨ।ਦੀਵਾਨ ਨੇ ਕਿਹਾ ਕਿ ਪਹਿਲਾਂ ਹੀ ਸਟਾਫ ਦੀ ਭਾਰੀ ਘਾਟ ਨਾਲ ਜੂਝ ਰਹੇ ਬੈਂਕ ਹੁਣ ਵੱਡੇ ਸੰਚਾਲਕੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਗਲਤ ਫੈਸਲੇ ਨੇ ਰੋਜ਼ਾਨਾ ਬੈਂਕਿੰਗ ਕੰਮਕਾਜ ਨੂੰ ਪੰਗੂ ਬਣਾ ਦਿੱਤਾ ਹੈ। ਉਹਨਾਂ ਚੇਤਾਵਨੀ ਦਿੱਤੀ ਹੈ ਕਿ ਇਨ੍ਹਾਂ ਹਾਲਾਤਾਂ ਵਿੱਚ ਜੇਕਰ ਬੈਂਕ ਕਰਮਚਾਰੀਆਂ ਦੀ ਇਹ ਤਾਇਨਾਤੀ ਜਾਰੀ ਰਹੀ, ਤਾਂ ਪਹਿਲਾਂ ਹੀ ਆਰਥਿਕ ਮੰਦਹਾਲੀ, ਵੱਧ ਰਹੀਆਂ ਲਾਗਤਾਂ ਅਤੇ ਘੱਟ ਰਹੀ ਤਰਲਤਾ ਨਾਲ ਜੂਝ ਰਹੇ ਪੰਜਾਬ ਦੇ ਉਦਯੋਤਿਗਕ ਖੇਤਰ ਨੂੰ ਹੋਰ ਵੀ ਵੱਡਾ ਝਟਕਾ ਲੱਗ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਜੇਕਰ ਕਰਮਚਾਰੀਆਂ ਨੂੰ ਲਗਾਤਾਰ ਸਰਵੇ ਡਿਊਟੀਆਂ ਲਈ ਹਟਾਇਆ ਜਾਂਦਾ ਰਿਹਾ, ਤਾਂ ਬੈਂਕਿੰਗ ਪ੍ਰਣਾਲੀ ਖੁਦ ਹੀ ਸਟਾਫ ਦੀ ਭਾਰੀ ਕਮੀ ਕਾਰਨ ਆਂਸ਼ਿਕ ਤੌਰ 'ਤੇ ਠੱਪ ਹੋ ਸਕਦੀ ਹੈ। ਲੋਕਾਂ ਨੂੰ ਨਕਦ ਕਢਵਾਉਣ, ਪਾਸਬੁੱਕ ਅਪਡੇਟ ਕਰਵਾਉਣ, ਪੈਨਸ਼ਨ ਪ੍ਰਾਪਤ ਕਰਨ ਅਤੇ ਯੂਟਿਲਿਟੀ ਬਿੱਲ ਜਮ੍ਹਾਂ ਕਰਵਾਉਣ ਵਰਗੀਆਂ ਬੁਨਿਆਦੀ ਬੈਂਕਿੰਗ ਸੇਵਾਵਾਂ ਲਈ ਵੀ ਲੰਬੀਆਂ ਕਤਾਰਾਂ ਅਤੇ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਦੀਵਾਨ ਨੇ ਤੁਰੰਤ ਸੁਧਾਰਾਤਮਕ ਕਦਮ ਚੁੱਕਣ ਦੀ ਮੰਗ ਕਰਦਿਆਂ, ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਬੈਂਕ ਕਰਮਚਾਰੀਆਂ ਨੂੰ ਜਨਗਣਨਾ ਅਤੇ ਐਸਆਈਆਰ ਸੰਬੰਧੀ ਡਿਊਟੀਆਂ ਤੋਂ ਤੁਰੰਤ ਵਾਪਸ ਬੁਲਾਇਆ ਜਾਵੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਮੁੱਖ ਜ਼ਿੰਮੇਵਾਰੀਆਂ 'ਤੇ ਮੁੜ ਤਾਇਨਾਤ ਕੀਤਾ ਜਾਵੇ।

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ

ਮਾਮਲਾ ਨੰ. : ਓਏ/1793/2025

ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਈਐਕਸਐਚ ਨੰ. 34353

ਇੰਡੀਅਨ ਬੈਂਕ

ਬਨਾਮ

ਮੈਸ. ਵੀਐਮਡਬਲਿਊ ਟੂਲਜ਼ ਇੰਡੀਆ

ਵੱਲ,

(1) ਮੈਸਰਜ਼ ਵੀ.ਐਮ.ਡਬਲਯੂ. ਟੂਲਜ਼ ਇੰਡੀਆ ਆਪਣੇ ਪ੍ਰੋਪਰਾਈਟਰ ਸ਼. ਗੁਰਸਿਮਰਨ ਸਿੰਘ ਸਹਿਬੀ, 117-ਬੀ, ਦਾਦਾ ਕਲੋਨੀ, ਇੰਡਸਟਰੀਅਲ ਏਰੀਆ, ਜਲੰਧਰ, ਪੰਜਾਬ-144004 ਵਿਖੇ ਕਾਰੋਬਾਰ ਦਾ ਸਥਾਨ ।

(2) ਸ੍ਰੀ ਗੁਰਸਿਮਰਨ ਸਿੰਘ ਸਹਿਬੀ ਪੁੱਤਰ ਸ੍ਰੀ ਅਵਤਾਰ ਸਿੰਘ ਵਾਸੀ 117-ਬੀ, ਦਾਦਾ ਕਾਲੋਨੀ, ਇੰਡਸਟਰੀਅਲ ਏਰੀਆ, ਜਲੰਧਰ, ਪੰਜਾਬ-144004

(3) ਸ੍ਰੀ ਅਵਤਾਰ ਸਿੰਘ ਪੁੱਤਰ ਸਵਰਗਵਾਸੀ ਸ੍ਰੀ ਨਿਰੰਜਨ ਸਿੰਘ, ਵਾਸੀ 117-ਬੀ, ਦਾਦਾ ਕਾਲੋਨੀ, ਇੰਡਸਟਰੀਅਲ ਏਰੀਆ, ਜਲੰਧਰ, ਪੰਜਾਬ-144004

ਸੰਮਨ

ਜਿਥੇ ਕਿ, ਓ. ਏ./1793/2025, 30.04.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 55,33,638/- (ਅਰਜ਼ੀ, ਦਸਤਾਵੇਜ਼ਾਂ ਦੀਆਂ ਕਾਪੀਆਂ ਆਦਿ ਦੇ ਨਾਲ, ਨਾਲ ਨੱਥੀ ਹੈ।) ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਦਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੰਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 12.08.2026 ਨੂੰ ਸਵੇਰੇ 10.30 ਵਜੇ ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 04.05.2026 ਨੂੰ ਜਾਰੀ।

ਵਸੂਲੀ ਅਧਿਕਾਰੀ-I
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ 1)

ਵਸੂਲੀ ਅਧਿਕਾਰੀ ਦਾ ਦਫਤਰ-1/2
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./1247/2018 ਮਿਤੀ : 15.04.2026

ਪੰਜਾਬ ਨੈਸ਼ਨਲ ਬੈਂਕ

ਬਨਾਮ

ਮੈਸ. ਗਲਾਸ ਵਾਲ ਅਤੇ ਗਲਾਜ਼ਿੰਗ ਕੰਪ.

ਵੱਲ,

(ਸੀ.ਡੀ. 1) ਮੈਸ. ਗਲਾਸ ਵਾਲ ਅਤੇ ਗਲਾਜ਼ਿੰਗ ਕੰਪਨੀ ਬਾਗ ਸਿੰਘ ਬਿਲਡਿੰਗ, ਪਹਿਲੀ ਮੰਜ਼ਿਲ, ਪੁਰਾਣਾ ਰੇਲਵੇ ਰੋਡ, ਨੇੜੇ ਏਕੀਹੋਜ਼ੀ ਪੁੱਲੀ, ਜਲੰਧਰ ਰਾਹੀਂ ਇਸ ਦੇ ਇਕਲੌਤੇ ਮਾਲਕ ਗੁਰਪ੍ਰੀਤ ਸਿੰਘ

(ਸੀ.ਡੀ. 2) ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਮਨੋਹਰ ਸਿੰਘ, ਵਾਸੀ ਮਕਾਨ ਨੰ. 53, ਕਿਸ਼ਨਪੁਰਾ, ਜਲੰਧਰ

ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1) ਓਏ/1320/2018 ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 26.07.2018 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 11.95% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 13,76,108.48/- (ਰੁਪਏ ਤੇਰਾਂ ਲੱਖ ਛਿਹੱਤਰ ਹਜ਼ਾਰ ਇਕ ਸੌ ਅੱਠ ਅਤੇ ਅਠਤਾਲੀ ਕੇਵਲ) ਦੀ ਰਕਮ ਅਤੇ ਰੁ. 16,000/- (ਰੁਪਏ ਸੋਲਾਂ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 18.06.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।

5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ: (ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ

(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ

ਸਿਹਤ ਵਿਭਾਗ ਨੇ ਹਾਟ ਸਪਾਟ ਖੇਤਰਾਂ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ

ਫਤਿਹਗੜ੍ਹ ਸਾਹਿਬ :-8 ਮਈ (ਹਰਪ੍ਰੀਤ ਕੌਰ ਟਿਵਾਣਾ) ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਅਤੇ ਸਿਹਤ ਡਾਇਰੈਕਟਰ ਡਾ ਹਿਤਿੰਦਰ ਕੌਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਤੇ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ ਅਰਵਿੰਦ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ÷ਹਰ ਸ਼ੁਕਰਵਾਰ, ਡੇਂਗੂ ਤੇ ਵਾਰ÷ ਮੁਹਿੰਮ ਤਹਿਤ ਸਿਹਤ ਵਿਭਾਗ ਨੇ ਹਾਟ ਸਪਾਟ ਏਰੀਏ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਕੀਤੀਆਂ। ਇਸ ਮੁਹਿੰਮ ਤਹਿਤ ਡੇਂਗੂ ਵਿਰੋਧੀ ਟੀਮਾਂ ਨੇ ਨਰਸਿੰਗ ਵਿਦਿਆਰਥੀਆਂ ਨੂੰ ਨਾਲ ਲੈਕੇ ਲੋਕਾਂ ਦੇ ਘਰ ਘਰ ਜਾ ਕੇ ਮੱਛਰ ਦੇ ਲਾਰਵੇ ਦੀ ਚੈਕਿੰਗ ਕੀਤੀ। ਸਹਾਇਕ ਸਿਵਲ ਸਰਜਨ ਡਾ ਕੰਵਲਦੀਪ ਸਿੰਘ ਵੱਲੋਂ ਬ੍ਰਾਹਮਣ ਮਾਜਰਾ ਸਰਹਿੰਦ, ਜ਼ਿਲਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ ਵੱਲੋਂ ਪ੍ਰੋਫੈਸਰ ਕਲੋਨੀ , ਜਿਲਾ ਐਪੀਡਮਾਲੋਜਿਸਟ ਡਾ ਪ੍ਰਭਜੋਤ ਕੌਰ ਵੱਲੋਂ ਹਰਨਾਮ ਨਗਰ, ਡਾ ਸੰਪਨ ਅਤਰੀ ਵੱਲੋਂ ਨੇੜੇ ਰੇਲਵੇ ਲਾਈਨ ਅਤੇ ਡਾ ਨਵਨੀਤ ਕੌਰ ਵੱਲੋਂ ਭਗਤ ਕਲੋਨੀ ਅਤੇ ਜਿਲੇ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾਂ ਵੱਲੋਂ ਆਪੋ ਆਪਣੇ ਖੇਤਰਾਂ ਵਿੱਚ ਇਹਨਾਂ ਗਤੀਵਿਧੀਆਂ ਦੀ ਚੈਕਿੰਗ ਕੀਤੀ ਗਈ। ਜਾਣਕਾਰੀ ਦਿੰਦਿਆਂ ਸਿਵਲ ਸਰਜਨ ਨੇ ਕਿਹਾ ਕਿ ਭਾਵੇਂ ਡੇਂਗੂ ਵਿਰੋਧੀ ਗਤੀਵਿਧੀਆਂ ਕਰਨ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਰੋਜ਼ਾਨਾ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਸਰਕਾਰੀ, ਅਰਧ ਸਰਕਾਰੀ, ਗੈਰ ਸਰਕਾਰੀ ਸੰਸਥਾਵਾਂ, ਸਿੱਖਿਆ ਸੰਸਥਾਵਾਂ , ਘਰਾਂ, ਦੁਕਾਨਾਂ, ਝੁਗੀਆਂ ਝੋਪੜੀਆਂ ਆਦਿ ਤੱਕ ਪੁਹੰਚ ਕਰਕੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਪਾਣੀ ਖੜਨ ਵਾਲੀਆਂ ਥਾਵਾਂ ਦੀ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਫਿਰ ਵੀ ਸਾਰਿਆਂ ਦੇ ਸਹਿਯੋਗ ਨਾਲ ਹੀ ਡੇਂਗੂ ਨੂੰ ਕਾਬੂ ਵਿੱਚ ਰੱਖਿਆ ਜਾ ਸਕਦਾ ਹੈ । ਜਾਗਰੂਕ ਕਰਦਿਆਂ ਉਨਾ ਕਿਹਾ ਕਿ ਹਰ ਸ਼ੁਕਰਵਾਰ ਨੂੰ ਡੇਂਗੂ ਦਾ ਲਾਰਵਾ ਪੈਦਾ ਹੋਣ ਵਾਲੀਆ ਥਾਵਾਂ ਜਿਵੇਂ ਕਟੋਰਿਆਂ,ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟ੍ਰੇਆਂ ਤੇ ਹੋਰ ਥਾਵਾਂ ਆਦਿ ਨੂੰ ਸਾਫ ਕਰਨਾ ਤੇ ਸੁਕਾਉਣਾ ਚਾਹੀਦਾ ਹੈ। ਅਤੇ ਇਲਾਜ ਮੁਫਤ ਕੀਤਾ ਜਾਂਦਾ ਹੈ ਲੋੜ ਪੈਣ ਦੇ ਸਾਨੂੰ ਇਸਦਾ ਫਾਇਦਾ ਉਠਾਉਣਾ ਚਾਹੀਦਾ ਹੈ। ਐਪੀਡਿਮੋਲੋਜਿਸਟ ਡਾ ਪ੍ਰਭਜੋਤ ਕੌਰ ਨੇ ਦੱਸਿਆ ਕਿ ਸਰਕਾਰੀ ਸੰਸਥਾਵਾਂ ਵਿੱਚ ਡੇਂਗੂ ਦਾ ਟੈਸਟ ਇਸ ਮੌਕੇ ਤੇ ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ , ਗੁਰਦੀਪ ਸਿੰਘ ,ਅਮਨਪ੍ਰੀਤ ਸਿੰਘ,ਸਿਹਤ ਸੁਪਰਵਾਈਜ਼ਰ ਰਸ਼ਮਿੰਦਰ ਸਿੰਘ, ਸਿਹਤ ਕਰਮਚਾਰੀ ਤੇਜਿੰਦਰ ਸਿੰਘ, ਮਨਜਿੰਦਰ ਸਿੰਘ, ਇਨਸੈਕਟ ਕਲੈਕਟਰ ਮਨਦੀਪ ਕੌਰ, ਨਰਸਿੰਗ ਵਿਦਿਆਰਥੀ ਅਤੇ ਆਮ ਲੋਕ ਹਾਜਰ ਸਨ ।

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
(Succession Case)
In the court of Ms. Balvinder Kaur Dhaliwal
Additional Civil Judge (Senior Division), Jagraon
CNR No.PBLDB0-000415-2026
Next Date: 26.05.2026
Asha Sehgal
Versus
General Public
Notice to: General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 26.05.2026 at 10:00 A.M.
For details logon to https://highcourtchd.gov.in/?mod=district_notice &district=ludhianacourt
Dated this day of 15-04-2026
Sd/- Additional Civil Judge (Senior Division), Jagraon

(U/o 5 Rule 20 CPC)
In The Court of Sh. Kuldeep Singh
Civil Judge Jr.Div.,Chandigarh
CNR NO. CHCH02-003958-2024
Next Date: 07.08.2026
M/s Duratech Cements India Ltd
Versus
Jay Maa Shakti Traders
Notice to: Jay Maa Shakti Traders :- DA00252 Ward No 1 Gaytri Automobiles, Unnamed Road Ps And Po Hasanpur Khusunda Samastipur 848205 Bihar Through Its Partner/Proprietor
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 07.08.2026 at 10:00 A.M.
for details logon to https://highcourtchd.gov.in/?trs=district_ notice &district=Chandigarh
Dated this day of 28-04-2026
Sd/- Civil Judge Jr.Div.,Chandigarh

(U/o 5 Rule 20 CPC)
In The Court of Ms. Jasmine CJJD, Dera Bassi
CNR No.PBSAB0-001590-2023
Next Date: 17.07.2026
CS/1197/2023
UCO Bank
Versus
M/s pari Fashion Hub
Notice to: 1. M/S Pari Fashion Hub, Through Its Prop. Preeti W/O Dushyant Kumar, Shop No. 78, Basement And Ground Floor, Panchkula Shopping Complex Dhakoli, Mc Zirakpur, Distt. Sas Nagar 2. Preeti W/O Dushyant Kumar, Being Prop. Of M/S Pari Fashion Hub Shop No. 78, Basement And Ground Floor, Panchkula Shopping Complex, Dhakoli, Mc Zirakpur, Distt. Sas Nagar And R/O House No. 801, 12, Royal Estate-2, Peer Muchhala, Dera Bassi, Tehsil Dera Bassi, Distt. Sas Nagar
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 17.07.2026 at 10:00 am. For details logon to https://highcourtchd.gov.in/?trs=district_notice&district=SAS Nagar
Dated this day of 08.05.2026
Sd/- Civil Judge (Junior Division), Dera Bassi

(U/o 5 Rule 20 CPC)
In The Court of Sh. Sumit Bhalla Additional Principal Judge Family Court, Gurdaspur
CNR No.PBGD01-002378-2024
Next Date: 26.05.2026
MNT125/41/2024
Rajni
Versus
Santokh Singh
Notice to: Santokh Singh Father :- Malkiat Singh R/O Village Namoli, Tehsil Mukerian District Hoshiarpur
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on **30.**05.2026 at 10:00 A.M.
For details logon to https://highcourtchd.gov.in/?trs=district_notice&district=Gurdaspur
Dated this day of 23.04.2026
Sd/- Additional Principal Judge Family Court, Gurdaspur

In The Court of Ms. Armaan Sandhu
Judicial Magistrate-Ist Class, Ludhiana
CNR No.PBLD03-015872-2023
Next Date: 02.07.2026
Inderpret Singh
Versus
Mukesh Kumar
Notice to: Mukesh Kumar Son Of Kuldeep Singh R/O H.No. 161 Block 75 Gram Haroli, Tehsil Haroli, District Una Himachal Pardesh 2.H.No. 14102, H.No. 0, Ra Nagar Ludhiana East
In above titled case the accused could not be served. It is ordered that accused should appear in person or through counsel on **02.**07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 04-05-2026
Sd/- Judicial Magistrate-Ist Class, Ludhiana

(U/o 5 Rule 20 CPC)
In The Court of Ms. Parul Additional Civil Judge (Senior Division), Bhagha Purana
CNR No.PBMOB0-000008-2026
Next Date: 30.05.2026
Kulwinder Singh
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **30.**05.2026 at 10:00 A.M.
For details logon to https://highcourtchd.gov.in/?trs=district_notice&district=mogacourt
Dated, this day of 07-05-2026
Sd/- Additional Civil Judge (Senior Division), Bhagha Purana

(U/o 5 Rule 20 CPC)
In The Court of Ms. Navdeep Kaur Gill
Additional District and Sessions Judge-3, Mohali
CNR No.PBSA01-008107-2025
Next Date:29.05.2026
Case No. CA/234/2025
Kulwant Kaur
Versus
Gurnam Singh and Anr.
Appeal For Setting Aside The Impugned Judgment And Decree Dated 01.08.2025 Passed By Sh. Mandeep Singh Kainth, Cjjd, Kharar in CS/314/2017
Notice to: Respondent No.2 LR-: 2(e). Ranjit Kaur W/O Amrik Singh R/O Vill. Manaki Bhagour, Teh. Samrala, District Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **29.**05.2026 at 10:00 A.M.
For details logon to https://highcourtchd.gov.in/?mod=district_notice&district=mohali
Dated, this day of 08-05-2026
Sd/- Additional District and Sessions Judge-3, Mohali

(U/o 5 Rule 20 CPC)
In the court of Ms. Minakshi Mahajan
Additional Civil Judge Sr. Division, Nangal
CNR No.PBROB0-000321-2025
Next Date: 30.05.2026
Gurchain Singh
Versus
Baljinder Singh alias Aman
Notice to: Baljinder Singh Alias Aman S/O Surinder Singh House No.3175 Sjs Nagar, Near Bus Stand, Machhiwara, District Ludhiana., Punjab Suit For Permanent Injunction Restraining The Defendant From Issuing Any Type Of Threats To The Life And Liberty Of The Plaintiff And His Family Members
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 30.05.2026 at 10:00 A.M.
For details logon to https://highcourtchd.gov.in/?mod=district_notice &district=rupnagarcourt
Dated this day of 07-05-2026
Sd/- Additional Civil Judge Sr. Division, Nangal

(U/o 5 Rule 20 CPC)
In The Court of Sh. Ajit Pal Singh-II Additional Principal Judge Family Court, Baba Bakala
CNR No.PBASF3-000206-2024
Next Date: 26.05.2026
Nirvair Singh S/O Pargat Singh R/O Village Dhulka, Tehsil Baba Bakala Sahib, District Amritsar.
Versus
Rajwant Kaur W/O Nirvair Singh D/O Sucha Singh R/O Village Ekalgadda, Backside Government School, Tehsil Khadur Sahib, District Tarn Taran.
Petition U/S 9 Of HMA
Notice to: Rajwant Kaur W/O Nirvair Singh D/O Sucha Singh R/O Village Ekalgadda, Backside Government School, Tehsil Khadur Sahib, District Tarn Taran.
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 26.05.2026 at 10:00 am. For details logon to https://highcourtchd.gov.in/?trs=district_notice&district=Amritsar
Dated this day of 05.05.2026
Sd/- Additional Principal Judge Family Court, Baba Bakala

(U/o 5 Rule 20 CPC)
In The Court of Ms. Sonika Additional District Judge, Chandigarh
CNR No.CHCH01-003170-2020
Next Date: 25.05.2026
Purshotam Mehta
Versus
Winder Singh
For grant of compensation
Notice to: Winder Singh :- Vpo Bareta Mandi Distt Mansa Punjab (Driver Of Breena Car Bearing No PB 65-AR 5004).
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 25.05.2026 at 10:00 am. For details logon to https://highcourtchd.gov.in/?trs=district_notice&district=Chandigarh
Dated this day of 23.04.2026
Sd/- Additional District Judge, Chandigarh

In The Court of Sh. Ajay Pal Singh Chief Judicial Magistrate, Hoshiarpur
CNR No.PBHO03-005768-2024
Next Date: 25.05.2026
Anju Rana
Versus
Gurdev Singh
Notice to: Gurdev Singh Father:- Bishan Singh R/O Village Gajjan P.S. Hariana Sub Tehsil Bhunga Dist.Hoshiarpur
In above titled case the accused could not be served. It is ordered that accused should appear in person or through counsel on **25.**05.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated, this day of 23-04-2026
Sd/- Chief Judicial Magistrate, Hoshiarpur

(U/o 5 Rule 20 CPC)
In The Court of Dr. Seema Agnihotri
Civil Judge (Junior Division), Rupnagar
CNR No.PBRO02-001313-2023
Next Date: 25.05.2026
Gurmeet Singh
Versus
Joginderpal Singh Chaudhary
Notice to: Def No. 5. Kuldeep Kaur D/O Late Ajit Singh S/O Bhag Singh Now Wife Of Davinder Singh S/O Karam Singh R/O H.No. 26, Phase-11, Sector-65, Sas Nagar, Mohali
In above titled case the defendant(s)/respondent(s) could not be served. it is ordered that defendant(s)/respondent(s) should appear in person or through counsel on **25.**05.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 27-04-2026
Sd/- Principal Judge Family Court, Faridkot

State Consumer Disputes Redressal Commission, Punjab Sector 37-A, Dakshin Marg, Chandigarh
No.SCDRC/PB/26/ 2310
Dated 15-04-2026
First Appeal No. 672 of 2024
Fixed for: 29.05.2026
UIIC
Appellant(s)
Versus
Charanjit Kaur
Respondent(s)
To: Charanjit Kaur Aged About 39 Years Wife Of Bohar Singh Son Of Balvir Singh Resident Of Kot Sukhia, Tehsil And District Faridkot.
Whereas, the above-mentioned case has been filed before the state commission, punjab and whereas, this commission is satisfied that respondent cannot be served in an ordinary manner. hence, this proclamation is hereby issued against the above named of respondent directing him/them to appear before this commission either personally or through their authorized agent(s) of counsel on 29.05.2026 at 10:30 a.m. to answer and in the event of their non-appearance, it shall be presumed that they have nothing to say in the matter and the complaint shall be decided ex-parte.
Given under my hand and seal of the commission on this date 07-04-2026
Sd/- Superitendent (Judicial) For Registrar

(U/o 5 Rule 20 CPC)
In the court of Ms. Radhika Puri Matrimonial Cases Special Courts, Bathinda
CNR No.PBBT01-002506-2022
Next Date: 25.05.2026
Gurnoor Kaur
Versus
Jaswinder Kaur etc.
Notice to: 1. Jaswinder Kaur, Spouse:-Mohinder Singh S/O Jangir Singh, 2. Sarabjit Singh @ Mani S/O Mohinder Singh S/O Jangir Singh, 3. Mohinder Singh S/O Jangir Singh S/O Ram Singh, All Residents Of Gaurava Colony, Multania Road, Bathinda.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 25.05.2026 at 10:00 A.M.
For details logon to https://highcourtchd.gov.in/?mod=district_notice &district=Bathinda
Dated this day of 06-05-2026
Sd/- Matrimonial Cases Special Courts, Bathinda

(U/o 5 Rule 20 CPC)
IN The Court of Sh. Karanvir Singh Civil Judge (Junior Division), Dhuri
CNR No.PBSGB0-000887-2022
Next Date: 07.07.2026
CS/701/2022
Gurmail Singh Son Of Bachan Singh Son Of Chanda Singh Resident Of Janta Nagar, W.No.19, Dhuri, Tehsil Dhuri District Sangrur
Versus
Jang Bahadar Son Of Bhag Singh Son Of Bachan Singh Resident Of Near Patwar Khanna, Dhuri Tehsil Dhuri District Sangrur
Notice to: 40. Balwinder Singh Son Of Gian Kaur 93. Harmanpreet Singh Sonof Darshan Singh R/o Dhuri, Tehsil Dhuri District Sangrur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 07.07.2026 at 10:00 A.M.
For details logon to https://highcourtchd.gov.in/?mod=district_notice &district=Sangrur
Dated this day of 07-05-2026
Sd/- Civil Judge (Junior Division), Dhuri

ਬੇਦਖਲੀ ਸੂਚਨਾ

ਮੈਂ, ਕਰਮਜੀਤ ਸਿੰਘ ਪੁੱਤਰ ਸ੍ਰੀ ਰੁਲਦੂ ਸਿੰਘ ਵਾਸੀ ਨਿਊ ਪ੍ਰੋਫੈਸਰ ਕਲੋਨੀ ਗਲੀ ਨੰ. 13, ਮਕਾਨ ਨੰ. 39, ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਗਗਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਗਗਨਦੀਪ ਕੌਰ ਨਾਲ ਕੋਈ ਵੀ ਵਿਅਕਤੀ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਹੋਰ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੈਂ ਆਪਣੀ ਪੁੱਤਰੀ ਗਗਨਦੀਪ ਕੌਰ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਆਦਿ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰਾ ਗਗਨਦੀਪ ਕੌਰ ਨਾਲ ਕਿਸੇ ਵੀ ਕਿਸਮ ਦਾ ਤਾਲੁਕ ਵਾਸਤਾ ਨਹੀਂ ਹੈ।

ਨਾਮ ਦੀ ਬਦਲੀ

ਮੈਂ, ਉਦੇ ਸਿੰਘ ਪੁੱਤਰ ਜਗਦੀਸ਼ ਸਿੰਘ ਨਿਵਾਸੀ ਭਾਰਤਪੁਰ ਰਾਜਪੁਤਾਂ,ਡਾਕਖਾਨਾ ਗੱਜਰ ਤਹਿਸੀਲ ਗੜ੍ਹਸ਼ੰਕਰ,ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਨਾਬਾਲਿਗ ਲੜਕੇ ਆਰਿਅਨ ਦਾ ਨਾਮ ਬਦਲ ਕੇ ਆਰਿਅਨ ਰਾਣਾ ਰੱਖ ਲਿਆ ਹੈ।ਸੰਬੰਧਤ ਨੋਟ ਕਰਨ।

ਪੰਜਾਬ ਸਰਕਾਰ
ਟੈਂਡਰ ਹਵਾਲਾ ਨੰਬਰ MC ਪਠਾਨਕੋਟ/220/CE/2025-26
ਨਗਰ ਨਿਗਮ ਪਠਾਨਕੋਟ ਵਿਭਾਗ ਵਿਕਾਸ ਕਾਰਜਾਂ ਲਈ ਔਨਲਾਈਨ ਬੋਲੀਆਂ ਮੰਗਦਾ ਹੈ
ਬੰਦ ਹੋਣ ਦੀ ਮਿਤੀ ਅਤੇ ਸਮਾਂ: 21-05-2026 (ਸ਼ਾਮ 5:00 ਵਜੇ)
ਵੇਰਵਿਆਂ ਲਈ https://eproc.punjab.gov.in 'ਤੇ ਲੌਗਇਨ ਕਰੋ
ਨੋਟ:- ਟੈਂਡਰ / RFP ਨੋਟਿਸ ਦਾ ਕੋਈ ਵੀ ਸੋਧ (ਸ਼ੁੱਧੀਆਂ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।
ਕਾਰਪੋਰੇਸ਼ਨ ਇੰਜੀਨੀਅਰ, ਨਗਰ ਨਿਗਮ, ਪਠਾਨਕੋਟ।
Ro No. PR Advt No. 3184/12/2026-27/11350/Dated CHD 08/05/2026

ਪੰਜਾਬ ਸਰਕਾਰ
ਟੈਂਡਰ ਹਵਾਲਾ ਨੰਬਰ:- ਈ ਟੈਂਡਰ-ਨੋਟਿਸ ਨੰਬਰ 13/TIC, ਮਿਤੀ - 07/05/26

ਵਿਭਾਗ	:	ਨਗਰ ਨਿਗਮ ਮੋਹਾਲੀ, ਐਸ.ਏ.ਐਸ. ਨਗਰ। 70 ਕੰਮਾਂ ਲਈ ਬੋਲੀ ਦਾ ਸੱਦਾ ਦਿੰਦਾ ਹੈ
ਬੰਦ ਹੋਣ ਦੀ ਮਿਤੀ ਅਤੇ ਸਮਾਂ	:	ਬੋਲੀ ਦਸਤਾਵੇਜ਼ ਜਮ੍ਹਾਂ ਕਰਨ ਦੀ ਸਮਾਪਤੀ ਮਿਤੀ: 25-05-2026 ਸਮਾਂ 16:30 ਤੱਕ। ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ 26-05-2026 ਸਵੇਰੇ 10:00 ਵਜੇ।
ਵੇਰਵੇ ਲਈ ਲੌਗਇਨ ਕਰੋ	:	http://www/eproc.punjab.gov.in

ਨੋਟ: ਟੈਂਡਰ ਨੋਟਿਸ ਦਾ ਕੋਈ ਵੀ ਸੋਧ (ਸ਼ੁੱਧੀਆਂ) ਸਿਰਫ਼ ਉਪਰੋਕਤ ਵੈੱਬਸਾਈਟ @ਤੇ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।
ਸਹੀ/- ਕਾਰਪੋਰੇਸ਼ਨ ਇੰਜੀਨੀਅਰ, ਨਗਰ ਨਿਗਮ, ਐਸ.ਏ.ਐਸ. ਨਗਰ।
Ro No. PR-Advt. No.: 1771 / 12 / 2026-27 /11369 / Dated CHD : 08.05.2026

ਨਗਰ ਕੌਂਸਲ ਸਨੌਰ ਜ਼ਿਲ੍ਹਾ ਪਟਿਆਲਾ

ਪੰਜਾਬ ਸਰਕਾਰ
ਟੈਂਡਰ/ਆਰਐਫਪੀ ਹਵਾਲਾ ਨੰਬਰ ਐਮਸੀ ਸਨੌਰ/2026-27/01
ਨਗਰ ਕੌਂਸਲ ਸਨੌਰ ਵਿਭਾਗ ਸਿਵਲ ਵਰਕਸ/ਲੇਬਰ ਵਰਕਸ ਅਤੇ ਹੋਰ ਲਈ ਔਨਲਾਈਨ ਬੋਲੀ ਮੰਗਦਾ ਹੈ।

ਲੜੀ. ਨੰ.	ਬੋਲੀ ਦਸਤਾਵੇਜ਼ਾਂ ਦੀ ਔਨਲਾਈਨ ਵਿਕਰੀ ਦੀ ਸ਼ੁਰੂਆਤ	ਬੋਲੀ ਦਸਤਾਵੇਜ਼ਾਂ ਦੀ ਆਨਲਾਈਨ ਵਿਕਰੀ ਅਤੇ ਜਮ੍ਹਾਂ ਕਰਨ ਦੀ ਆਖਰੀ ਮਿਤੀ	ਬੋਲੀ ਦਸਤਾਵੇਜ਼ ਖੋਲਣ ਦੀ ਮਿਤੀ	ਕੀਮਤ ਬੋਲੀ ਦੀ ਬੋਲੀ ਕਰਨ ਦੀ ਮਿਤੀ
1.	08-05-2026 (ਸਵੇਰੇ 09.00 ਵਜੇ)	25-05-2026 (ਦੁਪਹਿਰ 12.00 ਵਜੇ)	26-05-2026 (ਸਵੇਰੇ 10.00 ਵਜੇ)	26-05-2026 (ਦੁਪਹਿਰ 3.00 ਵਜੇ)

ਵੇਰਵਿਆਂ ਲਈ ਲੌਗਇਨ ਕਰੋ: https://cproc.punjab.gov.in
ਨੋਟ: ਟੈਂਡਰ/RFP ਨੋਟਿਸ ਦਾ ਕੋਈ ਵੀ ਸੋਧ (ਸ਼ੁੱਧੀਆਂ) ਸਿਰਫ਼ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ ਸਨੌਰ ।
Ro No. PR-Advt. No.: 1532 / 12 / 2026-27 /11306 / Dated CHD : 08.05.2026

ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ
ਥੋੜੇ ਸਮੇਂ ਦੀ ਕੁਟੇਸ਼ਨ ਸੂਚਨਾ
ਪੀ.ਡਬਲਯੂ.ਡੀ. (ਭ ਅਤੇ ਮ)/ਪੁੱਡਾ/ਕੇਂਦਰੀ/ਰਾਜ ਸਰਕਾਰ ਦੇ ਵਿਭਾਗਾਂ/ਪੀ.ਐਸ.ਯੂ. ਵਿੱਚ ਸੂਚੀਬੱਧ ਯੋਗ ਠੇਕੇਦਾਰਾਂ/ਐਲ.ਐਂਡ.ਸੀ. ਸੋਸਾਇਟੀਆਂ/ਫਰਮਾਂ ਤੋਂ ਦੋ ਲਿਫਾਫੇ ਸਿਸਟਮ ਵਿੱਚ ਹੇਠਾਂ ਦਿੱਤੇ ਕੰਮਾਂ ਲਈ ਡੀ.ਐਨ.ਆਈ.ਕਿਊ. ਰਕਮ 'ਤੇ "ਪ੍ਰਤੀਸ਼ਤ ਦਰ ਦੇ ਆਧਾਰ 'ਤੇ" ਸੀਲਬੰਦ ਹਵਾਲਾ ਮੰਗੇ ਜਾਂਦੇ ਹਨ, ਜੋ ਕਿ ਢੁਕਵੀਂ ਸ਼੍ਰੇਣੀ ਅਤੇ ਸ਼੍ਰੇਣੀ ਲਈ ਹਨ:-
1 ਪੀ.ਆਰ.ਟੀ.ਸੀ. ਵਰਕਸ਼ਾਪ ਚੰਡੀਗੜ੍ਹ ਵਿਖੇ ਅੱਗ ਬੁਝਾਊ ਪੁਟਾਲੀ ਦੇ ਕੰਮ ਪ੍ਰਦਾਨ ਕਰਨਾ ਅਤੇ ਠੀਕ ਕਰਨਾ (ਕੁਟੇਸ਼ਨ ਲਾਗਤ 4.99 ਲੱਖ ਅਤੇ ਈ.ਐਮ.ਡੀ.ਰੁ. 10000.00)
2 ਪੀ.ਆਰ.ਟੀ.ਸੀ. ਵਰਕਸ਼ਾਪ ਚੰਡੀਗੜ੍ਹ ਵਿਖੇ ਟਾਇਰ ਲਗਾਉਣ ਲਈ ਨਵੇਂ ਸ਼ੈੱਡ ਪ੍ਰਦਾਨ ਕਰਨਾ (ਕੁਟੇਸ਼ਨ ਲਾਗਤ 4.83 ਲੱਖ ਅਤੇ ਈ.ਐਮ.ਡੀ. ਰੁ. 9700.00)
"ਕੋਟੇਸ਼ਨ ਸੱਦਾ ਦੇਣ ਵਾਲੇ ਵੇਰਵੇ ਨੋਟਿਸ" ਦੇ ਸਾਰੇ ਨਿਯਮ ਅਤੇ ਸ਼ਰਤਾਂ 18.05.2026 ਨੂੰ ਦੁਪਹਿਰ 12:00 ਵਜੇ ਤੱਕ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਅਤੇ ਉਸੇ ਦਿਨ ਬਾਅਦ ਦੁਪਹਿਰ 3:00 ਵਜੇ ਖੋਲ੍ਹੀਆਂ ਜਾ ਸਕਦੀਆਂ ਹਨ। ਕੁਟੇਸ਼ਨ ਸੰਬੰਧੀ ਸੋਧ/ਜੋੜ, ਜੇਕਰ ਕੋਈ ਹੈ, ਇਸ ਦਫ਼ਤਰ ਦੁਆਰਾ www.pepsurtc.com 'ਤੇ ਜਾਰੀ ਕੀਤਾ ਜਾਵੇਗਾ।
ਕਾਰਜਕਾਰੀ ਇੰਜੀਨੀਅਰ (ਸੀ.ਡਬਲਯੂ.) ਪੀ.ਆਰ.ਟੀ.ਸੀ. ਪਟਿਆਲਾ
Ro No. PR Advt No. 1044/12/2026-27/11372/Dated CHD 08/05/2026

ਦਫਤਰ ਚੇਅਰਮੈਨ, ਸੁਸਾਇਟੀ ਜਨ ਸਹਾਇਤਾ ਕੇਂਦਰ-ਕਮ-ਉਪ ਮੰਡਲ ਮੈਜਿਸਟਰੇਟ,ਪਟਿਆਲਾ
ਨਿਲਾਮੀ ਨੋਟਿਸ
ਹਰ ਆਮ ਅਤੇ ਖਾਸ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜਨ ਸਹਾਇਤਾ ਕੇਂਦਰ (ਸਾਹਮਣੇ ਮਿੰ

ਦਰਿਆ ਜਿਹੀ ਰਵਾਨੀ ਵਾਲਾ ਸ਼ਹਿਰ : ਪਨੋਮ ਪੇਨ੍ਹ



ਸੁਕੀਰਤ

ਪਨੋਮ ਪੇਨ੍ਹ ਤਾਂ ਸਿਰਫ਼ ਇੱਕ ਸਬੱਬੀ ਪੜਾਅ ਸੀ, ਜਿੱਥੇ ਠਹਿਰਨਾ ਸਾਡੀ ਮਜਬੂਰੀ ਸੀ। ਸਾਡਾ ਅਸਲ ਟੀਚਾ ਅੰਗਕੋਰ ਵਾਟ ਮੰਦਿਰ ਸਮੂਹ ਦੇ ਦਰਸ਼ਨ ਕਰਨਾ ਸੀ, ਜਿਸ ਲਈ ਨੇੜਲਾ ਹਵਾਈ ਅੱਡਾ ਸਿਏਮ ਰੀਏਪ ਹੈ। ਪਤਾ ਲੱਗਿਆ ਕਿ ਦਿੱਲੀ ਤੋਂ ਸਿਏਮ ਰੀਅਪ ਲਈ ਕੋਈ ਸਿੱਧੀ ਉਡਾਣ ਨਹੀਂ ਸੀ। ਹਾਂ, ਹਫ਼ਤੇ ਵਿੱਚ ਦੋ ਵਾਰੀ ਏਅਰ ਕੰਬੋਡੀਆ ਦੀ ਸਿੱਧੀ ਉਡਾਣ ਪਨੋਮ ਪੇਨ੍ਹ ਲਈ ਮਿਲ ਜਾਂਦੀ ਸੀ। ਇਸ ਲਈ ਸੋਚਿਆ ਕਿ ਪਹਿਲਾਂ ਕੰਬੋਡੀਆ ਦੀ ਰਾਜਧਾਨੀ ਚੱਲੀਏ। ਮੈਨੂੰ ਪਨੋਮ ਪੇਨ੍ਹ ਬਾਰੇ ਕੋਈ ਖ਼ਾਸ ਜਾਣਕਾਰੀ ਨਹੀ ਸੀ ਤੇ ਨਾ ਹੀ ਇਸ ਦੀਆਂ ਵੇਖਣ ਯੋਗ ਥਾਵਾਂ ਬਾਰੇ। ਸਾਡਾ ਮਕਸਦ ਸਿੱਧਾ ਜਿਹਾ ਸੀ: ਦਿੱਲੀ ਤੋਂ ਰਾਤ ਦੀ ਉਡਾਣ ਭਰਨੀ, ਸਵੇਰੇ ਉੱਥੇ ਪਹੁੰਚ ਕੇ ਦੋ ਦਿਨ ਸ਼ਹਿਰ ਨੂੰ ਦੇਖਣ ਸਮਝਣ ਵਿੱਚ ਬਿਤਾਉਣੇ ਅਤੇ ਫਿਰ ਆਪਣੀ ਅਸਲ ਮੰਜ਼ਿਲ ਵੱਲ ਕੂਚ ਕਰ ਜਾਣਾ। ਆਮ ਤੌਰ 'ਤੇ ਮੈ ਕਿਸੇ ਵੀ ਸ਼ਹਿਰ ਵਿੱਚ ਪਹੁੰਚਣ ਤੋਂ ਪਹਿਲਾਂ ਉਸ ਨਾਲ ਕਿਤਾਬਾਂ ਰਾਹੀ ਮਿਲਦਾ ਹਾਂ। ਉਸ ਦਾ ਇਤਿਹਾਸ ਪੜ੍ਹਦਾ ਹਾਂ, ਉਸ ਦੀਆਂ ਗਲੀਆਂ ਨੂੰ ਨਕਸ਼ੇ 'ਤੇ ਤੱਕਦਾ ਹਾਂ, ਉੱਥੇ ਜਾ ਚੁੱਕਿਆਂ ਨਾਲ ਗੱਲ ਕਰਦਾ ਹਾਂ। ਇਸ ਵਾਰ ਇੱਕ ਅਜੀਬ ਜਿਹੀ ਬੇਪਰਵਾਹੀ ਸੀ। ਸ਼ਾਇਦ ਉਮਰ ਨਾਲ ਮਨ ਵਿੱਚ ਇਹ ਵਿਸ਼ਵਾਸ ਆ ਜਾਂਦਾ ਹੈ ਕਿ ਹਰ ਸ਼ਹਿਰ ਆਪਣੇ ਆਪ ਨੂੰ ਤੁਹਾਡੇ ਸਾਹਮਣੇ ਖੋਲ੍ਹ ਦਿੰਦਾ ਹੈ, ਜੇ ਤੁਸੀਂ ਉਸ ਨੂੰ ਖੁੱਲ੍ਹੀ ਅੱਖ ਨਾਲ ਵੇਖੋ। ਇਸ ਵਾਰ ਮੇਰਾ ਮਾਨਸਿਕ ਰੈਅ ਕੁਝ ਇਸ ਤਰ੍ਹਾਂ ਦਾ ਸੀ ਕਿ ਪਹਿਲਾਂ ਪਹੁੰਚ ਲਈਏ, ਫੇਰ ਦੇਖੀ ਜਾਏਗੀ। ਇਹੋ ਬੇਵਾਸਤਗੀ ਰਿਹਾਇਸ਼ ਲੱਭਣ ਸਮੇ ਵੀ ਸੀ। ਮੇਰੀ ਲੋੜ ਸਿਰਫ਼ ਏਨੀ ਹੀ ਸੀ ਕਿ ਦੋ ਬੰਦਿਆਂ ਲਈ ਆਰਾਮ ਨਾਲ ਸੌਣ ਦੀ ਸਹੂਲਤ ਹੋਵੇ ਅਤੇ ਥਾਂ ਸ਼ਹਿਰ ਦੇ ਕੇਂਦਰ ਤੋਂ ਬਹੁਤੀ ਦੂਰ ਨਾ ਹੋਵੇ। ਆਖ਼ਰਕਾਰ ਮੈ ਦੋ ਸੌਣ-ਕਮਰਿਆਂ ਵਾਲਾ ਇੱਕ ਫਲੈਟ ਚੁਣਿਆ, ਜਿਸ ਦੀ ਇੱਕ ਛੋਟੀ ਜਿਹੀ ਬਾਲਕਨੀ ਦਰਿਆ ਵੱਲ ਖੁੱਲ੍ਹਦੀ ਸੀ। ਅਸੀ ਸੁਵਖ਼ਤੇ ਹੀ ਆਪਣੀ ਰਿਹਾਇਸ਼ ਵਾਲੀ ਥਾਂ ਪਹੁੰਚ ਗਏ। ਉੱਥੇ ਜਾ ਕੇ ਪਤਾ ਲੱਗਾ ਕਿ ਪਿਛਲੇ ਮਹਿਮਾਨ ਨੇ ਅਜੇ ਤੱਕ ਫਲੈਟ ਖਾਲੀ ਨਹੀ ਸੀ ਕੀਤਾ। ਦੇਖਭਾਲ ਕਰਨ ਵਾਲੇ ਨੇ ਸਾਨੂੰ ਇੱਕ ਵੱਖਰੇ ਕਮਰੇ ਵਿੱਚ ਆਪਣਾ ਸਾਮਾਨ ਰੱਖਣ ਲਈ ਕਿਹਾ ਅਤੇ ਸੁਝਾਅ ਦਿੱਤਾ ਕਿ ਅਸੀ ਨੇੜੇ ਕਿਤੇ ਜਾ ਕੇ ਨਾਸ਼ਤਾ ਕਰ ਆਈਏ। ਏਨੇ ਨੂੰ ਸਾਡੇ ਵਾਲੀ ਥਾਂ ਖਾਲੀ ਹੋ ਜਾਵੇਗੀ ਅਤੇ ਸਾਫ਼-ਸਫਾਈ ਕਰਾ ਕੇ ਉਹ ਸਾਨੂੰ ਫੋਨ ਕਰ ਦੇਵੇਗਾ। ਅਸੀ ਕਿਸੇ ਕੈਫੇ ਦੀ ਖੋਜ ਵਿੱਚ ਨਿਕਲ ਟੁਰੇ, ਜਿੱਥੇ ਸਮਾਂ ਵੀ ਕੱਟ ਸਕੀਏ ਅਤੇ ਕੁਝ ਖਾ-ਪੀ ਵੀ ਲਈਏ। ਇੱਕ ਅੱਧੀ ਸੜਕ ਪਾਰ ਕਰਦਿਆਂ ਹੀ ਅਹਿਸਾਸ ਹੋ ਗਿਆ ਕਿ ਅਸੀ ਚੋਖੀ ਗਹਿਮਾ-ਗਹਿਮੀ ਵਾਲੇ ਇਲਾਕੇ ਵਿੱਚ ਹਾਂ। ਗਲੀਆਂ ਵਿੱਚ ਸਵੇਰ ਪਹਿਲਾਂ ਹੀ ਜਾਗ ਚੁੱਕੀ ਸੀ: ਫਲ ਵੇਚਣ ਵਾਲੇ ਡਰੈਗਨ ਫਰੂਟ ਅਤੇ ਰੈਂਬੂਤਾਨ ਵਰਗੇ ਅਨੋਖੇ ਫਲਾਂ ਦੀਆਂ ਪਿਰਾਮਿਡ-ਨੁਮਾ ਢੇਰੀਆਂ ਸਜਾ ਰਹੇ ਸਨ, ਹੋਟਲਾਂ ਅਤੇ ਢਾਬਿਆਂ ਤੋਂ ਅਣ-ਪਛਾਤੇ ਪਕਵਾਨਾਂ ਦੀ ਸੁਗੰਧ ਹਵਾ ਵਿੱਚ ਫੈਲ ਰਹੀ ਸੀ। ਸੱਜੇ-ਖੱਬੇ ਝਾਤੀ ਮਾਰਦਿਆਂ ਅਸੀ ਇਹ ਵੀ ਵੇਖਿਆ ਕਿ ਸਾਡੇ ਆਲੇ-ਦੁਆਲੇ ਕੁਝ ਬਾਰਾਂ ਦੇ ਬੋਰਡ ਵੀ ਲਿਸ਼ਕ ਰਹੇ ਸਨ, ਜਿਨ੍ਹਾਂ ਦੇ ਨਾਂ ਕਾਫ਼ੀ ਰੰਗੀਲੇ ਸਨ, 'ਸਟੈਪ ਵਾਈਫ ਬਾਰ', 'ਹੈਪੀ ਗਰਲਜ਼ ਬਾਰ' ਆਦਿ। ਇਸ ਸਮੇ ਉਨ੍ਹਾਂ ਦੇ ਦਰ ਬੰਦ ਸਨ, ਪਰ ਇਹ ਸਮਝਣ ਵਿੱਚ ਜ਼ਿਆਦਾ ਦੇਰ ਨਾ ਲੱਗੀ ਕਿ ਸ਼ਾਮ ਹੋਣ ਤੱਕ ਇਹ ਸਾਰਾ ਇਲਾਕਾ ਬਿਲਕੁਲ ਵੱਖਰਾ ਰੂਪ ਧਾਰ ਲਵੇਗਾ। ਸ਼ਹਿਰਾਂ ਦੇ ਵੀ ਦੋ ਚਿਹਰੇ ਹੁੰਦੇ ਹਨ, ਇੱਕ ਜੋ ਸਵੇਰ ਵੇਲੇ ਦਿਸਦਾ ਹੈ ਤੇ ਦੂਜਾ ਰਾਤ ਨੂੰ।

ਆਸੇ-ਪਾਸੇ ਖਾਣ ਦੀਆਂ ਥਾਵਾਂ ਦੀ ਕੋਈ ਘਾਟ ਨਹੀ ਸੀ। ਕੰਬੋਡਿਆਈ ਖਾਣੇ ਬਾਰੇ ਕੋਈ ਖ਼ਾਸ ਜਾਣਕਾਰੀ ਨਾ ਹੋਣ ਕਾਰਨ ਅਸੀ ਉਹ ਕੈਫ਼ੇ ਚੁਣਿਆ, ਜੋ ਗਾਹਕਾਂ ਨਾਲ ਖਚਾਖਚ ਭਰਿਆ ਹੋਇਆ ਸੀ ਅਤੇ ਜਿਸ ਦੇ ਬਾਹਰ ਵੱਖ-ਵੱਖ ਖਾਣਿਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਇਨ੍ਹਾਂ ਨੂੰ ਦੇਖ ਕੇ ਚੋਣ ਕਰਨੀ ਵੀ ਆਸਾਨ ਸੀ ਅਤੇ ਆਰਡਰ ਦੇਣਾ ਵੀ। ਇਹ ਥਾਂ ਏਨੀ ਭਰੀ ਹੋਈ ਸੀ ਕਿ ਸਾਨੂੰ ਜਿਸ ਮੇਜ਼ 'ਤੇ ਬਿਠਾਇਆ ਗਿਆ ਉਸ ਦੇ ਦੂਜੇ ਪਾਸੇ ਦੋ ਆਦਮੀ ਪਹਿਲਾਂ ਹੀ ਬੈਠੇ ਹੋਏ ਸਨ। ਸਾਡੇ ਮੇਜ਼-ਸਾਥੀ ਗੱਲਬਾਤ ਵਿੱਚ ਡੂੰਘੇ ਰੁੱਝੇ ਹੋਏ ਸਨ, ਪਰ ਤਾਂ ਵੀ ਸਾਨੂੰ ਮੁਸਕਾਨ ਦੇ ਕੇ ਦੋਸਤਾਨਾ ਸਿਰ ਹਿਲਾਉਂਦੇ ਹੋਏ ਸਾਡਾ ਸਵਾਗਤ ਕਰਨਾ ਨਾ ਭੁੱਲੇ। ਕੁਝ ਹੀ ਮਿੰਟਾਂ ਵਿੱਚ ਸਾਡੇ ਸਾਹਮਣੇ ਭਾਫ਼ ਮਾਰਦੇ ਸੂਪ ਦੇ ਕਟੋਰੇ ਸਨ, ਜਿਹੜੇ ਨੂਡਲ, ਕੀਮੇ ਦੇ ਕੋਫ਼ਤਿਆਂ ਅਤੇ ਕਈ ਕਿਸਮ ਦੀਆਂ ਸਬਜ਼ੀਆਂ ਨਾਲ ਨੱਕੋ-ਨੱਕ ਭਰੇ ਹੋਏ ਸਨ। ਪੂਰਬੀ ਏਸ਼ੀਆ ਦੇ ਦੇਸ਼ਾਂ ਵਿੱਚ ਨਾਸ਼ਤੇ, ਦੁਪਹਿਰ ਦੇ ਖਾਣੇ ਅਤੇ ਰਾਤ ਦੇ ਭੋਜਨ ਵਿੱਚ ਪਰੋਸੇ ਜਾਣ ਵਾਲੇ ਖਾਜਿਆਂ ਵਿੱਚ ਖ਼ਾਸ ਫ਼ਰਕ ਨਹੀ ਹੁੰਦਾ; ਇੱਥੇ ਭੋਜਨ ਸਮੇ ਦੀ ਕੈਦ ਵਿੱਚ ਨਹੀ ਬੱਝਿਆ। ਸਵੇਰ ਸੂਪ ਨਾਲ ਵੀ ਸ਼ੁਰੂ ਹੋ ਸਕਦੀ ਹੈ। ਇਸ ਲਈ ਅਸੀ ਵੀ ਪਨੋਮ ਪੇਨ੍ਹ ਵਿੱਚ ਉਹੀ ਕੀਤਾ, ਜੋ ਉੱਥੋ ਦੇ ਵਾਸੀ ਕਰਦੇ ਹਨ। ਭੀੜ ਭਾਵੇ ਬਹੁਤ ਸੀ, ਪਰ ਸਫ਼ਾਈ ਕਾਬਿਲ-ਏ-ਤਾਰੀਫ਼ ਸੀ। ਫੁੱਟਪਾਥ 'ਤੇ ਫੈਲਿਆ ਕੈਫ਼ੇ, ਪਰ ਹਰ ਮੇਜ਼ ਚਮਕਦੀ ਹੋਈ। ਵਰਤੇ ਨੈਪਕਿਨਾਂ ਲਈ ਵੱਖਰਾ ਛੋਟਾ ਡੱਬਾ। ਬਰਤਨ ਤੁਰੰਤ ਹਟਾ ਦਿੱਤੇ ਜਾਂਦੇ। ਇਹ ਗੱਲਾਂ ਛੋਟੀਆਂ ਸਨ, ਪਰ ਮਨ ਵਿੱਚ ਇੱਕ ਅਣਕਹੀ ਤੁਲਨਾ ਉਸਲਵੱਟੇ ਲੈਦੀ ਰਹੀ। ਸਾਡੀ ਵਕਤੀ ਰਿਹਾਇਸ਼ ਤੋਂ ਆਉਣ ਵਾਲੇ ਫੋਨ ਦੀ ਉਡੀਕ ਕਰਦਿਆਂ ਲਗਪਗ ਦੋ ਘੰਟੇ ਇਉਂ ਹੀ ਲੰਘ ਗਏ। ਅਸੀ ਆਲੇ-ਦੁਆਲੇ ਦੇ ਵਾਤਾਵਰਨ ਨੂੰ ਸੋਖਦੇ ਰਹੇ- ਮੋਟਰਸਾਈਕਲਾਂ 'ਤੇ ਆ-ਜਾ ਰਹੇ ਲੋਕ, ਆਪਣਾ ਸਾਮਾਨ ਵੇਚਣ ਲਈ ਹੋਕੇ ਲਾਉਦੇ ਹੋਏ ਵਪਾਰੀ ਅਤੇ ਰੋਜ਼ ਦੇ ਗਾਹਕਾਂ ਤੇ ਕੈਫ਼ੇ ਦੇ ਵਰਤਾਵਿਆਂ ਵਿਚਕਾਰ ਹੋ ਰਿਹਾ ਸਹਿਜ ਵਾਰਤਾਲਾਪ। ਆਖ਼ਰ ਦੁਪਹਿਰ ਦੇ 12 ਕੁ ਵਜੇ ਸਾਨੂੰ ਹਰੀ ਝੰਡੀ ਦਿੰਦਾ ਫੋਨ ਆ ਗਿਆ ਅਤੇ ਅਸੀ ਆਪਣੇ ਅਸਥਾਈ ਘਰ ਵੱਲ ਕੂਚ ਕੀਤਾ। ਇਸ ਫਲੈਟ ਦੀ ਬਣਤਰ ਰੇਲਗੱਡੀ ਵਾਂਗ ਸੀ- ਕਮਰੇ ਇੱਕ ਲੜੀ ਵਿੱਚ ਬਣੇ ਹੋਏ ਤੇ ਇੱਕ ਪਾਸਿਓ ਲਾਂਘਾ ਜੋ ਦਰਿਆ ਕੰਢੇ ਤੋਂ ਮੁਸ਼ਕਿਲ ਨਾਲ ਪੰਜਾਹ ਮੀਟਰ ਦੂਰ ਬਣੀ ਬਾਲਕਨੀ ਵੱਲ ਜਾਂਦਾ ਸੀ। ਦੇਖਭਾਲ ਕਰਨ ਵਾਲੇ ਨੇ ਦੱਸਿਆ ਕਿ ਐਤਵਾਰ ਹੋਣ ਕਰਕੇ ਸ਼ਾਮ ਪੰਜ ਵਜੇ ਤੋਂ ਬਾਅਦ ਦਰਿਆ ਦੇ ਨਾਲ ਨਾਲ ਖਾਣ-ਪੀਣ ਦੀਆਂ ਰੇਹੜੀਆਂ ਅਤੇ ਹਫ਼ਤਾਵਾਰੀ ਮਨੋਰੰਜਨ ਦੀਆਂ ਰੌਣਕਾਂ ਲੱਗ ਜਾਣਗੀਆਂ, ਇਸ ਲਈ ਅੱਧੀ ਰਾਤ ਤੱਕ ਕੁਝ ਸ਼ੋਰ ਰਹਿ ਸਕਦਾ ਹੈ। ਉਸ ਨੇ ਸਰਸਰੀ ਜਿਹੀ ਇਹ ਵੀ ਕਿਹਾ ਕਿ ਅਸੀ ਤੋਨਲੇ ਸਾਪ ਦਰਿਆ ਦੇ ਕੰਢੇ 'ਤੇ ਹਾਂ, ਜੋ ਇੱਥੋ ਕੋਈ ਸੌ ਕੁ ਮੀਟਰ ਹੇਠਾਂ ਜਾ ਕੇ ਏਸ਼ੀਆ ਦੇ ਵੱਡੇ ਦਰਿਆ ਮੇਕਾਂਗ ਨਾਲ ਮਿਲ ਜਾਂਦਾ ਹੈ। ਤੋਨਲੇ ਸਾਪ ਬਾਰੇ ਹੋਰ ਜਾਣਕਾਰੀ ਲੈਣ ਲਈ ਮੈ ਆਪਣਾ ਫੋਨ ਕੱਢਿਆ ਤਾਂ ਇੱਕ ਹੈਰਾਨੀਜਨਕ ਗੱਲ ਪਤਾ ਲੱਗੀ। ਤੋਨਲੇ ਸਾਪ ਆਪਣੇ ਅਜੀਬ ਮੌਸਮੀ ਰੁਖ-ਪਲਟਾਵੇ ਲਈ ਮਸ਼ਹੂਰ ਹੈ। ਦਰਅਸਲ ਇਹ ਦਰਿਆ ਤੋਨਲੇ ਸਾਪ ਨਾਂ ਦੀ ਵੱਡੀ ਝੀਲ ਤੋਂ ਸ਼ੁਰੂ ਹੁੰਦਾ ਹੈ ਤੇ ਫੇਰ ਲਗਪਗ 150 ਕਿਲੋਮੀਟਰ ਤੱਕ ਵਗਦਾ ਹੋਇਆ ਪਨੋਮ ਪੇਨ੍ਹ ਪਹੁੰਚ ਕੇ ਦਰਿਆ ਮੇਕਾਂਗ ਵਿੱਚ ਆਣ ਰਲਦਾ ਹੈ। ਸੁੱਕੇ ਮੌਸਮ ਵਿੱਚ ਹਰ ਛੋਟੇ ਸਹਾਇਕ ਦਰਿਆ ਵਾਂਗ ਇਹ ਮੇਕਾਂਗ ਵਿੱਚ ਸਮਾ ਜਾਂਦਾ ਹੈ, ਪਰ ਮੌਨਸੂਨ ਦੇ ਮਹੀਨਿਆਂ ਦੌਰਾਨ ਮਈ ਤੋਂ ਅਕਤੂਬਰ ਵਿੱਚ ਹੜ੍ਹ ਨਾਲ ਨੱਕੋ-ਨੱਕ ਭਰਿਆ ਮੇਕਾਂਗ ਤੋਨਲੇ ਸਾਪ ਦਾ ਰੁਖ਼ ਪੂਰੀ ਤਰ੍ਹਾਂ ਉਲਟ ਦਿੰਦਾ ਹੈ ਅਤੇ ਇਸ ਦੇ ਪਾਣੀ ਨੂੰ ਵਾਪਸ ਉੱਪਰ ਝੀਲ ਵੱਲ ਧੱਕ ਦਿੰਦਾ ਹੈ। ਯਾਨੀ ਇਹ ਦੋਹਾਂ ਦਿਸ਼ਾਵਾਂ ਵਿੱਚ ਵਗਣ ਵਾਲਾ ਦਰਿਆ ਹੈ। ਇਹੋ ਜਿਹੀ ਗੱਲ ਮੈ ਪਹਿਲਾਂ ਕਦੇ ਨਹੀ ਸੀ ਸੁਣੀ। ਇਸ ਰੁਖ-ਪਲਟਾਵੇ ਨਾਲ ਸਿਰਫ਼ ਪਾਣੀ ਹੀ ਨਹੀ, ਮੱਛੀਆਂ ਅਤੇ ਪ੍ਰੌਨ ਵੀ ਝੀਲ ਵੱਲ ਧੱਕੇ ਜਾਂਦੇ ਹਨ, ਜੋ ਉਸ ਦੀ ਜੀਵ-ਵਿਭਿੰਨਤਾ ਨੂੰ ਵਧਾਉਦੇ ਅਤੇ ਵਾਤਾਵਰਨ ਦਾ ਸੰਤੁਲਨ ਬਣਾ ਕੇ ਰੱਖਣ ਵਿੱਚ ਮਦਦ ਕਰਦੇ ਹਨ। ਮੈਨੂੰ ਖ਼ਿਆਲ ਆਇਆ- ਸ਼ਾਇਦ ਜ਼ਿੰਦਗੀ ਵੀ ਕਈ ਵਾਰ ਅਜਿਹਾ ਹੀ ਕਰਦੀ ਹੈ। ਅਸੀ ਸਮਝਦੇ ਹਾਂ ਕਿ ਅਸੀ ਅੱਗੇ ਵਧ ਰਹੇ ਹਾਂ, ਪਰ ਕੋਈ ਵੱਡੀ ਲਹਿਰ ਸਾਨੂੰ ਵਾਪਸ ਕਿਸੇ ਹੋਰ ਦਿਸ਼ਾ ਵਿੱਚ ਧੱਕ ਦਿੰਦੀ ਹੈ ਅਤੇ ਉਹੀ ਮੋੜ ਕਈ ਵਾਰ ਹਿਤਕਾਰੀ ਸਾਬਤ ਹੁੰਦਾ ਹੈ। ਸ਼ਾਮ ਢਲਦਿਆਂ ਹੀ ਸਾਡੇ ਸਾਹਮਣੇ ਇੱਕ ਅਦਭੁਤ ਦ੍ਰਿਸ਼ ਰੂਪਮਾਨ ਹੋਇਆ। ਦਰਿਆ ਕੰਢੇ ਖਾਣ-ਪੀਣ ਦੇ ਸੈਕੜੇ ਖੋਖੇ ਸਜ ਗਏ ਸਨ, ਹਰ ਇੱਕ ਦਾ ਕੋਈ ਨਾ ਕੋਈ ਆਪਣਾ ਵਿਲੱਖਣ ਖਾਜਾ ਸੀ। ਕਿਤੇ ਵੰਨ-ਸੁਵੰਨੇ ਵਾਸ਼ਨਾ ਛੱਡਦੇ ਸੂਪ ਮਿਲ ਰਹੇ ਸਨ ਤੇ ਕਿਸੇ ਹੋਰ ਥਾਂ ਤੋਂ ਕੋਲੇ ਦੀਆਂ ਅੰਗੀਠੀਆਂ 'ਤੇ ਸਿਕਦੇ ਸੀਖ਼ ਕਬਾਬਾਂ ਦੀ ਖੁਸ਼ਬੂ ਹਵਾ ਵਿੱਚ ਘੁਲ ਰਹੀ ਸੀ। ਬੇਕਰੀ-ਸਾਮਾਨ ਵੇਚਦੀਆਂ ਰੇੜ੍ਹੀਆਂ ਉੱਤੇ ਰੰਗ-ਬਿਰੰਗੀਆਂ ਪੇਸਟਰੀਆਂ ਸਜੀਆਂ ਹੋਈਆਂ ਸਨ, ਜਦੋਂਕਿ ਹੋਰਨਾਂ ਠੇਲਿਆਂ 'ਤੇ ਲਟਕਦੇ ਬੱਲਬਾਂ ਹੇਠਾਂ ਹੀਰੇ ਵਾਂਗ ਚਿਲਕੋਰ ਮਾਰਦੀਆਂ ਮਠਿਆਈਆਂ ਢਿਕ ਰਹੀਆਂ ਸਨ। ਇੱਕ ਉਤਸ਼ਾਹੀ ਪੰਜਾਬਣ ਸੁਆਈ ਵੀ ਦਿਸੀ, ਸਲਵਾਰ ਕਮੀਜ਼ ਪਾਈ। ਉਹ ਗੋਲ-ਗੱਪੇ ਵੇਚ ਰਹੀ ਸੀ। ਸੱਚੀ ਗੱਲ ਹੈ ਕਿ ਸੁਆਦਲੀਆਂ ਵਸਤਾਂ ਦੇ ਚਾਹਵਾਨਾਂ ਲਈ ਹੱਦਾਂ-ਸਰਹੱਦਾਂ ਦੀ ਕੋਈ ਹੋਂਦ ਨਹੀ। ਦਰਿਆ ਦਾ ਕੰਢਾ ਕਿਸੇ ਮੇਲੇ ਵਰਗੀ ਚਹਿਲ-ਪਹਿਲ ਨਾਲ ਭਰ ਗਿਆ ਸੀ। ਅਸੀ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਟਹਿਲਦੇ ਗਏ। ਇੱਕਾ-ਦੁੱਕਾ ਖਾਣਿਆਂ ਨੂੰ ਚੱਖਦੇ-ਚੱਖਦੇ ਅੱਗੇ ਵਧਦੇ ਹੋਏ ਅਤੇ ਕਿਤੇ-ਕਿਤੇ ਰੁਕ ਕੇ ਅਚਾਨਕ ਸ਼ੁਰੂ ਹੋ ਜਾਣ ਵਾਲੀਆਂ ਪੇਸ਼ਕਾਰੀਆਂ ਵੇਖਦੇ ਰਹੇ। ਰਵਾਇਤੀ ਵੇਸ਼ਭੂਸ਼ਾ ਵਿੱਚ ਨੱਚੇ-ਨੱਚੀਆਂ ਖਮੇਰ ਨਾਚ ਕਰ ਰਹੇ ਸਨ, ਉਨ੍ਹਾਂ ਦੇ ਹੱਥ ਅਜਿਹੇ ਅਨੋਖੇ ਕੋਣਾਂ 'ਤੇ ਮੁੜੇ ਹੋਏ ਕਿ ਦੇਖ ਕੇ ਹੈਰਾਨੀ ਹੋਵੇ। ਸੜਕ ਕਿਨਾਰੇ ਮਜਮਾ ਲਾਈ ਬੈਠੇ ਜਾਦੂਗਰ ਅੱਖਾਂ ਪਾੜ-ਪਾੜ ਕੇ ਉਨ੍ਹਾਂ ਵੱਲ ਤੱਕਦੇ ਬੱਚਿਆਂ ਨੂੰ ਚਮਤਕਾਰ ਦਿਖਾ ਕੇ ਕੀਲ ਰਹੇ ਸਨ।

ਕਿਤੇ ਕਿਤੇ ਨੌਜਵਾਨ ਕਲਾਬਾਜ਼ ਆਸਾਨੀ ਨਾਲ ਬੰਦ-ਬਾਜ਼ੀਆਂ ਮਾਰਦੇ ਅਤੇ ਸੰਤੁਲਨ ਬਣਾਉਦੇ ਵੀ ਨਜ਼ਰ ਆ ਰਹੇ ਸਨ। ਦਰਿਆ ਦੇ ਸਮਾਨਾਂਤਰ ਚੱਲਣ ਵਾਲੀ ਸੜਕ ਸ਼ਾਮ ਤੋਂ ਹੀ ਮੋਟਰ ਆਵਾਜਾਈ ਲਈ ਬੰਦ ਕਰ ਦਿੱਤੀ ਗਈ ਸੀ, ਜਿਸ ਨਾਲ ਪੈਦਲ ਚੱਲਣ ਵਾਲਿਆਂ ਲਈ ਇੱਕ ਵਿਸ਼ਾਲ ਸੈਰਗਾਹ ਬਣ ਗਈ ਸੀ। ਤੋਨਲੇ ਸਾਪ ਦਾ ਪਾਣੀ ਸੈਲਾਨੀ ਕਿਸ਼ਤੀਆਂ ਦੀ ਰੌਸ਼ਨੀ ਨਾਲ ਦਮਕ ਰਿਹਾ ਸੀ, ਜੋ ਪਾਣੀ 'ਤੇ ਚਮਕਦੇ ਜੁਗਨੂੰਆਂ ਵਾਂਗ ਤਰ ਰਹੀਆਂ ਸਨ। ਅਗਲੀ ਸਵੇਰ ਜਦੋ ਅਸੀ ਉੱਠ ਕੇ ਬਾਲਕਨੀ 'ਤੇ ਕਦਮ ਰੱਖਿਆ ਤਾਂ ਇੱਕ ਹੈਰਾਨੀਜਨਕ ਦ੍ਰਿਸ਼ ਸਾਡੇ ਸਾਹਮਣੇ ਸੀ। ਕੱਲ੍ਹ ਵਾਲਾ ਮੇਲਾ ਗਾਇਬ ਸੀ। ਦਰਿਆ ਦਾ ਕੰਢਾ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਬਿਲਕੁਲ ਸਾਫ਼-ਸੁਥਰਾ ਕੀਤਾ ਜਾ ਚੁੱਕਾ ਸੀ। ਨਾ ਕਾਗਜ਼ ਦਾ ਇੱਕ ਵੀ ਟੁਕੜਾ, ਨਾ ਕੋਈ ਹੋਰ ਛੱਡੀ ਹੋਈ ਵਸਤ। ਜਿਵੇ ਪਿਛਲੀ ਰਾਤ ਦਾ ਰੰਗੀਨ ਹੰਗਾਮਾ ਸਿਰਫ਼ ਇੱਕ ਸੁਫ਼ਨਾ ਹੋਵੇ। ਉਨ੍ਹਾਂ ਸਟਾਲਾਂ ਦੀ ਥਾਂ ਸਵੇਰੇ ਦੌੜਨ ਵਾਲਿਆਂ ਅਤੇ ਤਾਈ ਚੀ ਦਾ ਅਭਿਆਸ ਕਰਨ ਵਾਲਿਆਂ ਨੇ ਲੈ ਲਈ ਸੀ, ਜੋ ਸਵੇਰ ਦੀ ਨਰਮ ਰੌਸ਼ਨੀ ਵਿੱਚ ਵਰਜ਼ਿਸ਼ ਕਰ ਰਹੇ ਸਨ। ਸਾਡੀ ਭਾਰਤੀ ਨਜ਼ਰ ਲਈ, ਜੋ ਕਿਸੇ ਵੀ ਜਨਤਕ ਸਮਾਗਮ ਤੋਂ ਬਾਅਦ ਹਰ ਥਾਂ ਫੈਲੇ ਕੂੜੇ ਦੀ ਆਦੀ ਹੋ ਚੁੱਕੀ ਹੈ, ਇਹ ਬਦਲਾਅ ਸਿਰਫ਼ ਹੈਰਾਨੀਜਨਕ ਨਹੀ, ਲਗਪਗ ਚਮਤਕਾਰੀ ਹੀ ਸੀ। ਮੇਰੇ ਅੰਦਰ ਇੱਕ ਹਲਕੀ ਜਿਹੀ ਸ਼ਰਮ ਜਾਗੀ। ਅਸੀ ਆਪਣੇ ਦੇਸ਼ ਵਿੱਚ ਅਕਸਰ ਜਨਤਕ ਥਾਵਾਂ ਨੂੰ ਇਸ ਤਰ੍ਹਾਂ ਨਹੀ ਸੰਭਾਲਦੇ। ਇੱਥੇ ਕੋਈ ਐਲਾਨ ਨਹੀ ਸੀ, ਕੋਈ ਨਾਅਰਾ ਨਹੀ, ਕੇਵਲ ਅਮਲ। ਇਹ ਨਾਗਰਿਕ ਸਵੈ-ਮਾਣ ਅਤੇ ਸਾਂਝੀ ਜ਼ਿੰਮੇਵਾਰੀ ਦੀ ਪ੍ਰਭਾਵਸ਼ਾਲੀ ਮਿਸਾਲ ਸੀ, ਜੋ ਬਿਨਾਂ ਕਿਸੇ ਸ਼ੋਰ-ਸ਼ਰਾਬੇ ਜਾਂ ਜ਼ਬਰਦਸਤੀ ਦੇ ਅਮਲ ਵਿੱਚ ਲਿਆਂਦੀ ਗਈ। ਮੈ ਇੱਕ ਬਜ਼ੁਰਗ ਮਹਿਲਾ ਨੂੰ ਤਾਈ ਚੀ ਕਰਦਿਆਂ ਵੇਖਦਾ ਰਿਹਾ। ਉਸ ਦੀ ਹਰ ਹਰਕਤ ਵਿੱਚ ਫੁਰਤੀ ਵੀ ਸੀ ਤੇ ਧੀਰਜ ਵੀ। ਮੈਨੂੰ ਜਾਪਿਆ ਸ਼ਾਇਦ ਇਹ ਸ਼ਹਿਰ ਵੀ ਇਸੇ ਤਰ੍ਹਾਂ ਸਾਹ ਲੈਦਾ ਹੈ। ਰਾਤ ਨੂੰ ਖੇੜਾ, ਸਵੇਰ ਵੇਲੇ ਸੰਜਮ। ਪਨੋਮ ਪੇਨ੍ਹ ਹੁਣ ਸਿਰਫ਼ ਇੱਕ ਸਬੱਬੀ ਬਣਿਆ ਪੜਾਅ ਨਹੀ ਸੀ ਜਾਪ ਰਿਹਾ, ਇਹ ਇੱਕ ਅਨੁਭਵ ਬਣ ਚੁੱਕਾ ਸੀ। ਇੱਕ ਦਰਿਆ ਵਾਂਗ, ਜੋ ਕਦੇ ਅੱਗੇ ਵਗਦਾ ਹੈ, ਕਦੇ ਮੁੜ ਜਾਂਦਾ ਹੈ, ਪਰ ਦੋਹਾਂ ਹਾਲਾਤ ਵਿੱਚ ਜ਼ਿੰਦਗੀ ਨੂੰ ਸਰਸ਼ਾਰ ਕਰਦਾ ਹੈ।

ਸੋਮਨਾਥ ਅਤੇ ਭਾਰਤ ਦੀ ਅਜੇਤੂ ਹਿ

ਦੇਸ਼ ਲਈ ਸਭ ਤੋਂ ਵੱਧ ਜਾਨਾਂ ਕੁਰਬਾਨ ਕਰਨ ਵਾਲੇ

ਭਾਈਚਾਰੇ ਵਿੱਚ ਫੁੱਟ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਪੰਜਾਬ ਪੰਜਾਬੀਆਂ ਦਾ ਹੈ' ਦਾ ਨਾਅਰਾ ਲਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਜੋ ਲੋਕ ਭਾਈਚਾਰਕ ਸਾਂਝ ਨੂੰ ਸੱਟ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਪੰਜਾਬ ਦੇ ਦੁਸ਼ਮਣ ਹਨ। ਭਾਜਪਾ ਨੇ ਮਹਾਰਾਸ਼ਟਰ, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼ ਅਤੇ ਬੰਗਾਲ ਵਿੱਚ ਵੰਡ ਪਾਊ ਰਾਜਨੀਤੀ ਰਾਹੀਂ ਸੱਤਾ ਹਾਸਲ ਕੀਤੀ ਹੈ, ਪਰ ਪੰਜਾਬ ਵਿੱਚ ਅਜਿਹੀਆਂ ਸਾਜ਼ਿਸ਼ਾਂ ਕਦੇ ਵੀ ਸਫਲ ਨਹੀਂ ਹੋਣਗੀਆਂ। ਕਿਉਂਕਿ ਇੱਥੇ ਲੋਕ ਹਰ ਤਿੱਥ-ਤਿਉਹਾਰ ਸਾਂਝੇ ਤੌਰ 'ਤੇ ਮਨਾਉਂਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਫਿਰਕੂ ਪਾਰਟੀਆਂ ਪੰਜਾਬ ਦੇ ਭਾਈਚਾਰੇ ਨੂੰ ਤੋੜਨ ਦੀ ਸਾਜ਼ਿਸ਼ ਰਚ ਰਹੀਆਂ ਹਨ ਅਤੇ ਉਨ੍ਹਾਂ ਦੇ ਘਿਨਾਉਣੇ ਏਜੰਡੇ ਨੂੰ ਸਫਲ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ।' ਉਨ੍ਹਾਂ ਅੱਗੇ ਕਿਹਾ ਕਿ ਇਹ ਰਾਜਨੀਤਿਕ ਪਾਰਟੀਆਂ ਪੰਜਾਬੀਆਂ ਨੂੰ ਵੰਡਣਾ ਚਾਹੁੰਦੀਆਂ ਹਨ ਅਤੇ ਚੋਣ ਲਾਭ ਲਈ ਭਾਈਚਾਰਿਆਂ ਨੂੰ ਇੱਕ-ਦੂਜੇ ਦੇ ਵਿਰੁੱਧ ਖੜ੍ਹਾ ਕਰਨਾ ਚਾਹੁੰਦੀਆਂ ਹਨ।

ਪੱਛਮੀ ਬੰਗਾਲ ਦੀ ਮਿਸਾਲ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਉੱਥੇ ਹਾਲਾਤ ਬਦ ਤੋਂ ਬਦਤਰ ਹੋ ਗਏ ਹਨ ਅਤੇ ਲੋਕਾਂ ਦੇ ਘਰਾਂ ਨੂੰ ਅੱਗ ਲਾਈ ਜਾ ਰਹੀ ਹੈ। ਉਨ੍ਹਾਂ ਕਿਹਾ, 'ਜਿਸ ਵੇਲੇ ਭਾਜਪਾ ਨੇ ਪੱਛਮੀ ਬੰਗਾਲ ਵਿੱਚ ਸਰਕਾਰ ਬਣਾਈ, ਹਰ ਪਾਸੇ ਡਰ ਦਾ ਮਾਹੌਲ ਪੈਦਾ ਹੋ ਗਿਆ। ਹੁਣ ਪੰਜਾਬ ਲਈ ਵੀ ਇਹੀ ਸਾਜ਼ਿਸ਼ ਰਚੀ ਜਾ ਰਹੀ ਹੈ।' ਉਨ੍ਹਾਂ ਕਿਹਾ ਕਿ ਭਾਜਪਾਈ ਪਹਿਲਾਂ ਉਹ ਦੋ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕਰਦੇ ਹਨ, ਫਿਰ ਉਹ ਇੱਕ ਪਾਸੇ ਖੜ੍ਹੇ ਹੁੰਦੇ ਹਨ ਅਤੇ ਵੋਟਾਂ ਹਾਸਲ ਕਰਨ ਲਈ ਦੂਜੇ ਨੂੰ ਡਰਾਉਂਦੇ ਹਨ।

ਰਾਸ਼ਟਰਵਾਦ ਦੇ ਮੁੱਦੇ 'ਤੇ ਆਰ.ਐਸ.ਐਸ. ਅਤੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਰ.ਐਸ.ਐਸ. ਨੇ 52 ਸਾਲਾਂ ਤੋਂ ਆਪਣੇ ਹੈੱਡਕੁਆਰਟਰ 'ਤੇ ਤਿਰੰਗਾ ਨਹੀਂ ਲਹਿਰਾਇਆ, ਫਿਰ ਵੀ ਅੱਜ ਉਹ ਦੂਜਿਆਂ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਵੰਡ ਰਹੇ ਹਨ। ਉਨ੍ਹਾਂ ਕਿਹਾ, 'ਪੰਜਾਬੀਆਂ ਨੇ ਆਜ਼ਾਦੀ ਸੰਗਰਾਮ ਦੌਰਾਨ ਦੇਸ਼ ਲਈ ਅਣਗਿਣਤ ਕੁਰਬਾਨੀਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਦੇਸ਼ ਭਗਤਾਂ ਦੇ ਸਰਟੀਫਿਕੇਟਾਂ ਦੀ ਲੋੜ ਨਹੀਂ ਹੈ।'

'47 ਦੀ ਵੰਡ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਸ ਦੁਖਾਂਤ ਦੌਰਾਨ ਪੰਜਾਬ ਨੇ ਸਭ ਤੋਂ ਵੱਧ ਦੁੱਖ ਝੱਲੇ ਅਤੇ ਲੱਗਭੱਗ 10 ਲੱਖ ਪੰਜਾਬੀਆਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ, ਜਦੋਂ ਕਿ ਹੁਣ ਪੰਜਾਬ ਦੀ ਦੇਸ਼ ਭਗਤੀ 'ਤੇ ਸਵਾਲ ਉਠਾਉਣ ਵਾਲਿਆਂ ਨੇ ਦੇਸ਼ ਲਈ ਅਜਿਹੀਆਂ ਕੋਈ ਕੁਰਬਾਨੀਆਂ ਨਹੀਂ ਕੀਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਕੁਝ ਭਾਜਪਾ ਆਗੂ ਉਨ੍ਹਾਂ ਵਿਰੁੱਧ ਦੇਸ਼ ਧ੍ਰੋਹ ਦੇ ਦੋਸ਼ਾਂ ਲਾ ਰਹੇ ਹਨ ਜਦੋਂ ਕਿ ਇਹ ਭੁੱਲ ਰਹੇ ਹਨ ਕਿ ਪੰਜਾਬੀਆਂ ਨੇ ਦੇਸ਼ ਲਈ 90 ਫੀਸਦੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਹੁਣ ਉਨ੍ਹਾਂ ਨੂੰ ਗੱਦਾਰ ਕਿਹਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ, 'ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਪੰਜਾਬੀਆਂ ਨੂੰ ਹੁਣ ਭਾਜਪਾ ਵੱਲੋਂ ਦੇਸ਼ ਵਿਰੋਧੀ ਕਰਾਰ ਦਿੱਤਾ ਜਾ ਰਿਹਾ ਹੈ।

ਵਿਰੋਧੀ ਆਗੂਆਂ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੁਨੀਲ ਜਾਖੜ ਵਰਗੇ ਆਗੂਆਂ ਨੂੰ ਅੰਤਰਝਾਤ ਮਾਰਨ ਦੀ ਲੋੜ ਹੈ। ਕਿਉਂਕਿ ਉਹ ਇੱਕ ਆਮ ਪਰਿਵਾਰ ਦੇ ਪੁੱਤਰ ਨੂੰ ਸੂਬੇ ਦਾ ਮੁਖੀ ਬਣਨ ਤੋਂ ਬਾਅਦ ਇਮਾਨਦਾਰੀ ਨਾਲ ਪੰਜਾਬ ਦੀ ਸੇਵਾ ਕਰਦੇ ਦੇਖਣਾ ਬਰਦਾਸ਼ਤ ਨਹੀਂ ਕਰ ਸਕਦੇ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ 'ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੋਵਾਂ ਪਾਰਟੀਆਂ ਨੂੰ ਲੁਟੇਰੇ ਦੱਸਿਆ ਜਿਨ੍ਹਾਂ ਨੇ ਆਮ ਲੋਕਾਂ ਦੀ ਭਲਾਈ ਨੂੰ ਨਜ਼ਰਅੰਦਾਜ਼ ਕਰਦੇ ਹੋਏ ਦਹਾਕਿਆਂ ਤੱਕ ਪੰਜਾਬ ਦੀ ਦੌਲਤ ਲੁੱਟੀ। ਉਨ੍ਹਾਂ ਕਿਹਾ,'ਵਿਰੋਧੀ ਪਾਰਟੀਆਂ ਪੰਜਾਬ ਨੂੰ ਲੁੱਟਣ ਦਾ ਇੱਕ ਹੋਰ ਮੌਕਾ ਮੰਗ ਰਹੀਆਂ ਹਨ, ਪਰ ਲੋਕ ਹੁਣ ਉਨ੍ਹਾਂ ਨੂੰ ਸੱਤਾ ਵਿੱਚ ਨਹੀਂ, ਸਿਰਫ਼ ਜੇਲ੍ਹ ਭੇਜਣਗੇ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਸੱਤਾ ਵਿੱਚ ਵਾਪਸ ਆਉਣ ਦੇ ਸੁਪਨੇ ਦੇਖ ਰਹੇ ਹਨ, ਪਰ ਪੰਜਾਬ ਦੇ ਸੂਝਵਾਨ ਲੋਕ ਉਨ੍ਹਾਂ ਲੋਕਾਂ ਨੂੰ ਦੁਬਾਰਾ ਕਦੇ ਵੋਟ ਨਹੀਂ ਦੇਣਗੇ ਜਿਨ੍ਹਾਂ ਨੇ ਵਾਰ-ਵਾਰ ਸੂਬੇ ਨਾਲ ਧੋਖਾ ਕੀਤਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਕ ਸ਼ਰਧਾਲੂ ਸਿੱਖ ਹੋਣ ਦੇ ਨਾਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲਈ ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਪੂਰੇ ਧਾਰਮਿਕ ਜੋਸ਼ ਅਤੇ ਉਤਸ਼ਾਹ ਨਾਲ 'ਸ਼ੁਕਰਾਨਾ ਯਾਤਰਾ' ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦਿਲ ਪਰਮਾਤਮਾ ਦਾ ਰਿਣੀ ਹੈ ਕਿ ਉਨ੍ਹਾਂ ਨੂੰ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ-2026 ਲਾਗੂ ਕਰਕੇ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਦਿੱਤਾ, ਜੋ ਬੇਅਦਬੀ ਲਈ ਸਖ਼ਤ ਸਜ਼ਾ ਦੀ ਵਿਵਸਥਾ ਕਰਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਡੀ ਸਰਕਾਰ ਖੁਸ਼ਕਿਸਮਤ ਹੈ ਕਿ ਇਸ ਇਤਿਹਾਸਕ ਕਾਨੂੰਨ ਨੂੰ ਪਾਸ ਕਰਨ ਦੀ ਸੇਵਾ ਸੌਂਪੀ ਗਈ ਹੈ, ਜੋ ਭਵਿੱਖ ਵਿੱਚ ਬੇਅਦਬੀ ਦੀਆਂ ਘਟਨਾਵਾਂ ਨੂੰ ਖਤਮ ਕਰੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਡੂੰਘੀ ਸਾਜ਼ਿਸ਼ ਦਾ ਹਿੱਸਾ ਸੀ, ਜਿਸ ਦਾ ਉਦੇਸ਼ ਪੰਜਾਬ ਵਿੱਚ ਸ਼ਾਂਤੀ, ਸਦਭਾਵਨਾ, ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਨੂੰ ਭੰਗ ਕਰਨਾ ਸੀ। ਇਹ ਐਕਟ ਇਹ ਯਕੀਨੀ ਬਣਾਉਂਦਾਹੈ ਕਿ ਇਸ ਨਾ-ਮੁਆਫੀਯੋਗ ਅਪਰਾਧ ਦੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇਗੀ।

ਉਨ੍ਹਾਂ ਅੱਗੇ ਕਿਹਾ ਕਿ ਬੇਅਦਬੀ ਮਾਮਲਿਆਂ ਵਿੱਚ ਮਾਨਸਿਕ ਰੋਗੀ ਦੇ ਬਹਾਨੇ ਹੁਣ ਕੰਮ ਨਹੀਂ ਕਰਨਗੇ ਅਤੇ ਅਜਿਹੇ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਦੇ ਰੱਖਿਅਕਾਂ ਅਤੇ ਸਾਜ਼ਿਸ਼ਕਰਤਾ ਨੂੰ ਵੀ ਉਮਰ ਕੈਦ ਦੇ ਨਾਲ-ਨਾਲ 50 ਲੱਖ ਰੁਪਏ ਤੱਕ ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਵਿੱਚ ਬੇਅਦਬੀ ਕਰਨ ਵਾਲੇ ਹੁਣ ਸਜ਼ਾ ਤੋਂ ਨਹੀਂ ਬਚ ਸਕਣਗੇ।

ਉਸਨੇ ਉਮੀਦ ਪ੍ਰਗਟ ਕੀਤੀ ਕਿ ਇਹ ਸਖ਼ਤ ਕਾਨੂੰਨ ਭਵਿੱਖ ਵਿੱਚ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਮਜ਼ਬੂਤ ਕਦਮ ਸਾਬਤ ਹੋਵੇਗਾ ਅਤੇ ਕੋਈ ਵੀ ਦੁਬਾਰਾ ਅਜਿਹਾ ਅਪਰਾਧ ਕਰਨ ਦੀ ਹਿੰਮਤ ਨਹੀਂ ਕਰੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਰ ਸਿੱਖ ਲਈ ਪਿਤਾ ਸਮਾਨ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਪਵਿੱਤਰਤਾ ਨੂੰ ਯਕੀਨੀ ਬਣਾਉਣਾ ਸਮਾਜ ਦਾ ਸਾਂਝਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਲੋਕ ਇਸ ਇਤਿਹਾਸਕ ਕਾਨੂੰਨ ਦੇ ਲਾਗੂ ਹੋਣ 'ਤੇ ਖੁਸ਼ੀ ਅਤੇ ਸ਼ੁਕਰਾਨਾ ਪ੍ਰਗਟ ਕਰ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਸ਼ੁਕਰਾਨਾ ਯਾਤਰਾ' ਦਾ ਇੱਕੋ-ਇੱਕ ਉਦੇਸ਼ ਇਸ ਮਹੱਤਵਪੂਰਨ ਕਾਨੂੰਨ ਨੂੰ ਪਾਸ ਕਰਨ ਲਈ ਉਨ੍ਹਾਂ ਨੂੰ ਤਾਕਤ ਅਤੇ ਬਲ ਬਖਸ਼ਣ ਲਈ ਪਰਮਾਤਮਾ ਦਾ ਧੰਨਵਾਦ ਕਰਨਾ ਹੈ। ਤੇਜ਼ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਪਿਆਰ ਲਈ ਪਰਮਾਤਮਾ ਦੇ ਧੰਨਵਾਦੀ ਹਨ। ਉਨ੍ਹਾਂ ਕਿਹਾ, ਮੈਂ ਇਸ ਕਾਨੂੰਨ ਨੂੰ ਪਾਸ ਕਰਨ ਵਾਲਾ ਨਹੀਂ ਹਾਂ। ਗੁਰੂ ਸਾਹਿਬ ਨੇ ਖੁਦ ਇਹ ਸੇਵਾ ਮੇਰੇ ਤੋਂ ਲਈ ਹੈ। ਪ੍ਰਮਾਤਮਾ ਅਜਿਹੀ ਸੇਵਾ ਸਿਰਫ਼ ਉਨ੍ਹਾਂ ਨੂੰ ਹੀ ਸੌਂਪਦਾ ਹੈ ਜਿਨ੍ਹਾਂ ਨੂੰ ਉਨ੍ਹਾਂ ਨੇ ਚੁਣਿਆ ਹੈ।'

ਆਪਣੇ ਆਪ ਨੂੰ ਗੁਰੂ ਸਾਹਿਬ ਦਾ ਨਿਮਾਣਾ ਸੇਵਕ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਇੱਕ ਵੱਡੀ ਜ਼ਿੰਮੇਵਾਰੀ ਹੈ। ਕਿਉਂਕਿ ਸਮਾਜ ਦੇ ਸਾਰੇ ਵਰਗਾਂ ਦੇ ਲੋਕ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਲੰਬੇ ਸਮੇਂ ਤੋਂ ਅਜਿਹੇ ਕਾਨੂੰਨ ਦੀ ਮੰਗ ਕਰ ਰਹੇ ਸਨ। ਕਾਨੂੰਨ ਬਣਾਉਣ ਪਿੱਛੇ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ। ਉਨ੍ਹਾਂ ਕਿਹਾ, ਦੁਨੀਆ ਭਰ ਦੇ ਲੋਕ ਇਸ ਇਤਿਹਾਸਕ ਕਾਨੂੰਨ ਤੋਂ ਖੁਸ਼ ਹਨ ਅਤੇ ਉਨ੍ਹਾਂ ਨੂੰ ਇਸ ਪਹਿਲਕਦਮੀ ਲਈ ਧੰਨਵਾਦ ਕਰਨ ਵਾਲੇ ਲੋਕਾਂ ਤੋਂ ਰੋਜ਼ਾਨਾ ਕਈ ਫੋਨ ਆਉਂਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਾਲਾਂਕਿ ਕੁਝ ਲੋਕ ਇਸ ਕਾਨੂੰਨ ਦਾ ਵਿਰੋਧ ਕਰ ਰਹੇ ਹਨ, ਕਿਉਂਕਿ ਉਨ੍ਹਾਂ ਦੇ ਰਾਜਨੀਤਿਕ ਆਕਾ ਇਸ ਤੋਂ ਨਾਖੁਸ਼ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਇਹ ਮੰਦਭਾਗਾ ਹੈ ਕਿ ਕੁਝ ਲੋਕ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਿਰਫ਼ ਆਪਣੇ ਨਿੱਜੀ ਸਵਾਰਥਾਂ ਲਈ ਰਾਜਨੀਤੀ ਕਰ ਰਹੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਉਹ ਜਲਦੀ ਹੀ ਆਪਣੇ ਬਿਜਰ ਗੁਨਾਹਾਂ ਲਈ ਸਲਾਖਾਂ ਪਿੱਛੇ ਜਾ ਸਕਦੇ ਹਨ।'

ਬਠਿੰਡਾ ਨੂੰ ਮਾਲਵਾ ਖੇਤਰ ਦਾ ਕੇਂਦਰ ਦੱਸਦਿਆਂ ਉਨ੍ਹਾਂ ਕਿਹਾ ਕਿ ਇੱਥੋਂ ਦੇ ਲੋਕਾਂ ਵੱਲੋਂ 'ਸ਼ੁਕਰਾਨਾ ਯਾਤਰਾ' ਨੂੰ ਮਿਲਿਆ ਭਰਵਾਂ ਹੁੰਗਾਰਾ ਕਾਨੂੰਨ ਦੇ ਲਾਗੂ ਹੋਣ ਨਾਲ ਲੋਕਾਂ ਦੀ ਖੁਸ਼ੀ ਅਤੇ ਉਨ੍ਹਾਂ ਦੇ ਭਾਵਨਾਤਮਕ ਸਬੰਧ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਅਜਿਹਾ ਕਾਨੂੰਨ ਬਣਾਉਣ ਦੀ ਖੇਚਲ ਨਹੀਂ ਕੀਤੀ। ਕਿਉਂਕਿ ਉਹ ਕਦੇ ਨਹੀਂ ਚਾਹੁੰਦੀਆਂ ਸਨ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀ ਸਲਾਖਾਂ ਪਿੱਛੇ ਜਾਣ। ਅਕਾਲੀਆਂ 'ਤੇ ਵਰ੍ਹਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਆਪਣੇ ਕਾਰਜਕਾਲ ਦੌਰਾਨ ਅਜਿਹਾ ਕਾਨੂੰਨ ਬਣਾਉਣ ਲਈ ਕਦੇ ਵੀ ਸੁਹਿਰਦ ਨਹੀਂ ਹੋਏ, ਕਿਉਂਕਿ ਉਨ੍ਹਾਂ ਦੀ ਨੀਅਤ ਸ਼ੁਰੂ ਤੋਂ ਹੀ ਸਾਫ਼ ਨਹੀਂ ਸੀ। ਉਨ੍ਹਾਂ ਅੱਗੇ ਕਿਹਾ ਕਿ ਅਕਾਲੀ ਆਗੂਆਂ ਨੇ ਹਮੇਸ਼ਾ ਬਾਬੇ ਨਾਨਕ ਦੇ ਨਾਮ 'ਤੇ ਵੋਟਾਂ ਮੰਗੀਆਂ, ਫਿਰ ਵੀ ਆਪਣੇ ਰਾਜਨੀਤਿਕ ਹਿੱਤਾਂ ਦੀ ਪੂਰਤੀ ਲਈ ਬੇਅਦਬੀ ਦੀਆਂ ਘਟਨਾਵਾਂ ਦੀ ਆਗਿਆ ਦਿੱਤੀ ਅਤੇ ਦੋਸ਼ੀਆਂ ਨੂੰ ਬਚਾ ਕੇ ਰੱਖਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਅਕਾਲੀਆਂ ਨੇ ਬਾਬੇ ਨਾਨਕ ਦੇ ਨਾਮ 'ਤੇ ਵੋਟਾਂ ਮੰਗ ਕੇ ਵੀ ਉਨ੍ਹਾਂ ਦੀ ਹੀ ਬਾਣੀ ਦਾ ਅਪਮਾਨ ਕੀਤਾ।

ਉਨ੍ਹਾਂ ਅੱਗੇ ਕਿਹਾ ਕਿ ਅਕਾਲੀ ਆਗੂਆਂ ਨੇ ਅਕਾਲ ਤਖ਼ਤ ਸਾਹਿਬ ਅੱਗੇ ਆਪਣੀਆਂ ਗਲਤੀਆਂ ਮੰਨ ਕੇ ਬਾਅਦ ਵਿੱਚ ਜਨਤਕ ਤੌਰ 'ਤੇ ਉਨ੍ਹਾਂ ਤੋਂ ਸ਼ਰ੍ਹੇਆਮ ਮੁੱਕਰ ਗਏ। ਉਨ੍ਹਾਂ ਇਹ ਟਿੱਪਣੀ ਕਰਦਿਆਂ ਕਿ 'ਜੋ ਲੋਕ ਅਕਾਲ ਤਖ਼ਤ ਅੱਗੇ ਝੂਠ ਬੋਲ ਸਕਦੇ ਹਨ, ਉਹ ਕਦੇ ਵੀ ਕਿਸੇ ਦੇ ਵਫ਼ਾਦਾਰ ਨਹੀਂ ਹੋ ਸਕਦੇ ਕਰਦਿਆਂ ਲੋਕਾਂ ਨੂੰ ਅਜਿਹੇ ਆਗੂਆਂ ਤੋਂ ਸਾਵਧਾਨ ਰਹਿਣ ਦੀ ਅਪੀਲ ਕੀਤੀ।


ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੀਆਂ ਕਾਂਗਰਸ ਅਤੇ ਅਕਾਲੀ ਸਰਕਾਰਾਂ 'ਤੇ ਆਮ ਲੋਕਾਂ ਦੀ ਭਲਾਈ ਨੂੰ ਅੱਖੋਂ-ਪਰੋਖੇ ਕਰਦਿਆਂ ਭਾਈ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਲਈ ਇਮਾਨਦਾਰੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰ ਰਹੀ ਹੈ। 'ਕਰਦਾਤਾਵਾਂ ਦਾ ਪੈਸਾ ਹੁਣ ਭਲਾਈ ਦੇ ਕੰਮਾਂ 'ਤੇ ਪੂਰੀ ਸਮਝਦਾਰੀ ਤੇ ਇਮਾਨਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ ਅਤੇ ਭ੍ਰਿਸ਼ਟਾਚਾਰ ਅਤੇ ਕਮਿਸ਼ਨਾਂ ਦੀ ਬਜਾਏ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਟੈਕਸ ਦਾ ਪੈਸਾ ਵਾਪਸ ਕੀਤਾ ਜਾ ਰਿਹਾ ਹੈ।

ਆਪ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ 90 ਫੀਸਦ ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ ਅਤੇ 65,000 ਤੋਂ ਵੱਧ ਨੌਜਵਾਨਾਂ ਨੂੰ ਕਿਸੇ ਵੀ ਤਰ੍ਹਾਂ ਦੇ ਭ੍ਰਿਸ਼ਟਾਚਾਰ ਤੋਂ ਬਿਨਾਂ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਭਰ ਵਿੱਚ ਸੜਕਾਂ ਅਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਕਈ ਟੋਲ ਪਲਾਜ਼ਾ ਬੰਦ ਕਰ ਦਿੱਤੇ ਗਏ ਹਨ, ਜਿਸ ਨਾ



ਰੋਜ਼ਾਨਾ ਚੜ੍ਹਦੀਕਲਾ

ਸਿਹਤ ਖ਼ਬਰਨਾਮਾ



ਪਪੀਤਾ ਹੱਡੀਆਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਵਾਲਾਂ ਨੂੰ ਬਣਾਉਂਦਾ ਖ਼ੂਬਸੂਰਤ

ਪੌਸ਼ਟਿਕ ਤੱਤਾਂ ਨਾਲ ਭਰਪੂਰ ਪਪੀਤਾ ਸਿਹਤ ਲਈ ਵਰਦਾਨ ਸਾਬਤ ਹੁੰਦਾ ਹੈ। ਇਹ ਨਾ ਸਿਰਫ਼ ਸੁਆਦ ਵਿੱਚ ਮਿੱਠਾ ਅਤੇ ਰਸਦਾਰ ਹੁੰਦਾ ਹੈ, ਸਗੋਂ



ਇਸ ਵਿੱਚ ਮੌਜੂਦ ਵਿਟਾਮਿਨ, ਖਣਿਜ ਅਤੇ ਐਂਟੀਆਕਸੀਡੈਂਟ ਵੀ ਸਰੀਰ ਨੂੰ ਕਈ ਤਰੀਕਿਆਂ ਨਾਲ ਲਾਭ ਪਹੁੰਚਾਉਂਦੇ ਹਨ।

ਪਪੀਤਾ ਖਾਣ ਦੇ ਕੀ-ਕੀ ਫਾਇਦੇ ਹਨ

ਪਪੀਤਾ ਵਿਟਾਮਿਨ ਏ, ਸੀ ਅਤੇ ਈ ਦੇ ਨਾਲ-ਨਾਲ ਫੋਲੇਟ, ਪੋਟਾਸ਼ੀਅਮ ਅਤੇ ਫਾਈਬਰ ਦਾ ਇੱਕ ਵਧੀਆ ਸਰੋਤ ਹੈ। ਰੋਜ਼ਾਨਾ ਪਪੀਤਾ ਖਾਣ ਨਾਲ ਸਰੀਰ ਸਿਹਤਮੰਦ ਅਤੇ ਊਰਜਾਵਾਨ ਰਹਿੰਦਾ ਹੈ।

*ਖਾਸ ਤੌਰ 'ਤੇ, ਇਹ ਹੱਡੀਆਂ ਨੂੰ ਮਜ਼ਬੂਤ ਕਰਨ ਅਤੇ ਵਾਲਾਂ ਦੀ ਸਿਹਤ ਨੂੰ ਬਿਹਤਰ ਬਣਾਉਣ ਲਈ ਬਹੁਤ ਲਾਭਦਾਇਕ ਹੈ।

ਪਪੀਤੇ ਵਿੱਚ ਪਾਇਆ ਜਾਣ ਵਾਲਾ ਐਂਜ਼ਾਈਮ ਪਪੈਨ, ਭੋਜਨ ਦੇ ਆਸਾਨੀ ਨਾਲ ਪਾਚਨ ਵਿੱਚ ਸਹਾਇਤਾ ਕਰਦਾ ਹੈ।

ਪਪੀਤੇ ਦਾ ਨਿਯਮਤ ਸੇਵਨ ਪੇਟ ਨੂੰ ਸਿਹਤਮੰਦ ਰੱਖਦਾ ਹੈ ਅਤੇ ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ। ਇਹ ਇਨਫੈਕਸ਼ਨਾਂ ਤੋਂ ਬਚਣ ਵਿੱਚ ਵੀ ਮਦਦ ਕਰਦਾ ਹੈ।

ਪਪੀਤੇ ਵਿੱਚ ਵਿਟਾਮਿਨ ਸੀ ਭਰਪੂਰ ਮਾਤਰਾ ਵਿੱਚ ਹੁੰਦਾ ਹੈ, ਜੋ ਇਮਿਊਨ ਸਿਸਟਮ ਨੂੰ ਵਧਾਉਂਦਾ ਹੈ। ਇਹ ਸਰੀਰ ਦੀ ਜ਼ੁਕਾਮ, ਵਾਇਰਲ ਇਨਫੈਕਸ਼ਨਾਂ ਅਤੇ ਹੋਰ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਂਦਾ ਹੈ।

ਪਪੀਤੇ ਵਿੱਚ ਮੌਜੂਦ ਐਂਟੀਆਕਸੀਡੈਂਟ ਚਮੜੀ ਨੂੰ ਸਿਹਤਮੰਦ ਅਤੇ ਚਮਕਦਾਰ ਰੱਖਣ ਵਿੱਚ ਮਦਦ ਕਰਦੇ ਹਨ। ਇਹ ਮੁਹਾਸੇ ਅਤੇ ਦਾਗ-ਧੱਬਿਆਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ, ਨਾਲ ਹੀ ਚਮੜੀ ਦੀ ਉਮਰ ਵਧਣ ਦੀ ਪ੍ਰਕਿਰਿਆ ਨੂੰ ਹੌਲੀ ਕਰਦੇ ਹਨ।

ਇਹ ਬਜ਼ੁਰਗਾਂ ਅਤੇ ਔਰਤਾਂ ਲਈ ਖਾਸ ਤੌਰ 'ਤੇ ਲਾਭਦਾਇਕ ਹੈ। ਇਸ ਤੋਂ ਇਲਾਵਾ, ਪਪੀਤਾ ਵਾਲਾਂ ਦੇ ਝੜਨ ਨੂੰ ਰੋਕਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਵਾਲ ਮਜ਼ਬੂਤ ਅਤੇ ਚਮਕਦਾਰ ਬਣਦੇ ਹਨ।

ਸਹਿਯੋਗ ਨਾਲੋਂ ਖੁਸ਼ਹਾਲੀ ਦੇ ਦ੍ਰਿਸ਼ਟੀਕੋਣ ਤਹਿਤ, ਮਿਜ਼ੋਰਮ ਵਿੱਚ ਪਹਿਲੀ ਵਾਰ ਖੇਤਰੀ ਸਹਿਕਾਰੀ ਸੁਧਾਰ ਕਾਨਫਰੰਸ

ਨਵੀਂ ਦਿੱਲੀ, 8 ਮਈ (ਚ.ਨ.ਸ.) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹਾਰਨ ਸੇ ਸਮ੍ਰਿੱਧੀ ਦੇ ਦ੍ਰਿਸ਼ਟੀਕੋਣ ਤੋਂ ਪ੍ਰੇਰਿਤ ਹੋ ਕੇ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਹੇਠ, ਦੇਸ਼ ਵਿਆਪੀ ਸਹਿਕਾਰੀ ਸੁਧਾਰ ਪਹਿਲਕਦਮੀਆਂ ਦੇ ਹਿੱਸੇ ਵਜੋਂ, ਸਹਿਕਾਰਤਾ ਮੰਤਰਾਲੇ ਨੇ ਅੱਜ ਐਜ਼ੌਲ, ਮਿਜ਼ੋਰਮ ਵਿੱਚ ਸਹਿਕਾਰੀ ਸੁਧਾਰਾਂ @ਤੇ ਦੂਜੀ ਖੇਤਰੀ ਕਾਨਫਰੰਸ ਦਾ ਆਯੋਜਨ ਕੀਤਾ। ਇਹ ਕਾਨਫਰੰਸ ਦੇਸ਼ ਭਰ ਵਿੱਚ ਆਯੋਜਿਤ ਕੀਤੀਆਂ ਜਾ ਰਹੀਆਂ ਖੇਤਰੀ ਅਤੇ ਰਾਸ਼ਟਰੀ ਵਰਕਸ਼ਾਪਾਂ ਦੀ ਇੱਕ ਲੜੀ ਦਾ ਹਿੱਸਾ ਹੈ ਜਿਸਦਾ ਉਦੇਸ਼ ਜ਼ਮੀਨੀ ਪੱਧਰ @ਤੇ ਸਹਿਕਾਰੀ ਸੰਸਥਾਵਾਂ ਨੂੰ ਮਜ਼ਬੂਤ ਕਰਨਾ ਅਤੇ ਸਹਿਕਾਰੀ-ਅਗਵਾਈ ਵਾਲੇ ਵਿਕਾਸ ਨੂੰ ਤੇਜ਼ ਕਰਨਾ ਹੈ। ਇਸ ਪਹਿਲਕਦਮੀ ਦੇ ਤਹਿਤ ਪਹਿਲੀ ਖੇਤਰੀ ਕਾਨਫਰੰਸ ਪਹਿਲਾਂ ਜੈਪੁਰ ਵਿੱਚ ਹੋਈ ਸੀ। ਇਹ ਕਾਨਫਰੰਸ ਮਿਜ਼ੋਰਮ ਵਿੱਚ ਆਯੋਜਿਤ ਪਹਿਲੀ ਖੇਤਰੀ ਸਹਿਕਾਰੀ ਸੁਧਾਰ ਕਾਨਫਰੰਸ ਵੀ ਸੀ, ਜੋ ਕਿ ਸਹਿਕਾਰਤਾ ਮੰਤਰਾਲੇ ਦੇ ਦੇਸ਼ ਦੇ ਦੂਰ-ਦੁਰਾਡੇ ਕੋਨਿਆਂ ਤੱਕ ਸਹਿਕਾਰੀ ਲਹਿਰ ਦਾ ਵਿਸਥਾਰ ਕਰਨ ਅਤੇ ਉੱਤਰ-ਪੂਰਬ ਦੇ ਦੂਰ-ਦੁਰਾਡੇ ਅਤੇ ਭੂਗੋਲਿਕ ਤੌਰ @ਤੇ ਚੁਣੌਤੀਪੂਰਨ ਖੇਤਰਾਂ ਤੱਕ ਸਹਿਕਾਰੀ ਸੁਧਾਰਾਂ ਦਾ ਵਿਸਤਾਰ ਕਰਨ ਦੇ ਨਿਰੰਤਰ ਯਤਨਾਂ ਨੂੰ ਦਰਸਾਉਂਦੀ ਹੈ। ਮੰਤਰਾਲੇ ਨੇ ਇਸ ਗੱਲ @ਤੇ ਜ਼ੋਰ ਦਿੱਤਾ ਕਿ ਸਹਿਕਾਰੀ ਵਿਕਾਸ ਹੁਣ ਰਵਾਇਤੀ ਖੇਤਰਾਂ ਤੋਂ ਪਰੇ ਫੈਲ ਰਿਹਾ ਹੈ, ਸਰਹੱਦੀ ਅਤੇ ਦੂਰ-ਦੁਰਾਡੇ ਪੇਂਡੂ ਖੇਤਰਾਂ ਤੱਕ ਪਹੁੰਚ ਰਿਹਾ ਹੈ, ਅਤੇ ਸਹਿਕਾਰੀ-ਅਧਾਰਤ ਆਰਥਿਕ ਮਾਡਲਾਂ ਰਾਹੀਂ ਸਥਾਨਕ ਭਾਈਚਾਰਿਆਂ ਲਈ ਨਵੇਂ ਮੌਕੇ ਪੈਦਾ ਕਰ ਰਿਹਾ ਹੈ। ਖੇਤਰੀ ਕਾਨਫਰੰਸ ਵਿੱਚ ਸਹਿਕਾਰਤਾ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ, ਸਾਰੇ ਉੱਤਰ-ਪੂਰਬੀ ਰਾਜਾਂ – ਅਸਾਮ, ਅਰੁਣਾਚਲ ਪ੍ਰਦੇਸ਼, ਮਿਜ਼ੋਰਮ, ਮੇਘਾਲਿਆ, ਮਨੀਪੁਰ, ਨਾਗਾਲੈਂਡ, ਤ੍ਰਿਪੁਰਾ ਅਤੇ ਸਿੱਕਮ – ਦੇ ਪ੍ਰਤੀਨਿਧੀਆਂ ਦੇ ਨਾਲ-ਨਾਲ ਨਾਬਾਰਡ, ਐਨਸੀਡੀਸੀ, ਨਾਫੇਡ, ਐਨਸੀਸੀਐਫ, ਐਨਡੀਡੀਬੀ, ਐਨਐਫਡੀਬੀ, ਐਨਈਡੀਐਫਆਈ ਅਤੇ ਵੱਖ-ਵੱਖ ਸਹਿਕਾਰੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਸ਼ਿਰਕਤ ਕੀਤੀ। ਭਾਗ ਲੈਣ ਵਾਲੇ ਰਾਜਾਂ ਨੇ ਸਹਿਕਾਰੀ ਖੇਤਰ ਵਿੱਚ ਪ੍ਰਗਤੀ ਅਤੇ ਡੇਅਰੀ ਸਹਿਕਾਰੀ ਸੰਸਥਾਵਾਂ, ਸਹਿਕਾਰੀ ਬੈਂਕਿੰਗ, ਅਨਾਜ ਭੰਡਾਰਨ ਬੁਨਿਆਦੀ ਢਾਂਚੇ, ਪੀਏਸੀਐਸ ਵਿਸਥਾਰ, ਮੱਛੀ ਪਾਲਣ ਖੇਤਰ ਅਤੇ ਮੁੱਲ ਲੜੀ ਵਿਕਾਸ ਨੂੰ ਮਜ਼ਬੂਤ ??ਕਰਨ ਲਈ ਉਨ੍ਹਾਂ ਦੇ ਸਬੰਧਤ ਸਹਿਕਾਰੀ ਵਿਭਾਗਾਂ ਦੁਆਰਾ ਕੀਤੇ ਜਾ ਰਹੇ ਯਤਨਾਂ ਅਤੇ ਪਹਿਲਕਦਮੀਆਂ ਨੂੰ ਉਜਾਗਰ ਕਰਦੇ ਹੋਏ ਵਿਸਤ੍ਰਿਤ ਪੇਸ਼ਕਾਰੀਆਂ ਕੀਤੀਆਂ। ਰਾਜਾਂ ਨੇ ਜੈਵਿਕ ਅਤੇ ਪਰੰਪਰਾਗਤ ਉਤਪਾਦਾਂ ਦੇ ਨਿਰਯਾਤ ਅਤੇ ਬਾਜ਼ਾਰ ਸਬੰਧਾਂ ਨੂੰ ਉਤਸ਼ਾਹਿਤ ਕਰਨ ਵਿੱਚ ਆਪਣੇ ਤਜਰਬੇ ਵੀ ਸਾਂਝੇ ਕੀਤੇ, ਜੋ ਕਿ ਉੱਤਰ-ਪੂਰਬੀ ਖੇਤਰ ਦੀਆਂ ਮੁੱਖ ਤਾਕਤਾਂ ਅਤੇ ਮੌਕੇ ਹਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਮਾਂ ਦਿਵਸ ਮਨਾਇਆ



ਪਟਿਆਲਾ, 8 ਮਈ (ਚ.ਨ.ਸ.) : ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਐਸ.ਐਸ.ਟੀ. ਨਗਰ ,ਪਟਿਆਲਾ ਵਿਖੇ ਮਿਤੀ 8 ਮਈ 2026 ਨੂੰ ਮਾਂ ਦਿਵਸ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਵੱਲੋਂ ਫੋਟੋ ਫਰੇਮ, ਕਾਰਡ, ਪੋਸਟਰ, ਫੁੱਲਾਂ ਦੇ ਬਹੁਤ ਸੁੰਦਰ ਗੁਲਦਸਤੇ ਬਣਾਉਣ ਦੀਆਂ ਗਤੀਵਿਧੀਆਂ ਕੀਤੀਆਂ ਗਈਆਂ। ਬੱਚਿਆਂ ਵੱਲੋਂ ਬਣਾਏ ਗਏ ਬਹੁਤ ਹੀ ਸੁੰਦਰ ਫੋਟੋ ਫਰੇਮ ਅਤੇ ਕਾਰਡ ਵਿੱਚ ਉਨ੍ਹਾਂ ਨੇ ਆਪਣੀ ਮਾਂ ਦੀ ਸੁੰਦਰ ਫੋਟੋ ਲਗਾ ਕੇ ਆਪਣੀ ਮਾਂ ਪ੍ਰਤੀ ਪਿਆਰ ਦਾ ਇਜ਼ਹਾਰ ਕੀਤਾ। ਇਸ ਤੋਂ ਇਲਾਵਾ ਬੱਚਿਆਂ ਵੱਲੋਂ ਮਾਂ ਦੇ ਪਿਆਰ ਅਤੇ ਤਿਆਗ ਨਾਲ ਸੰਬੰਧਿਤ ਬਹੁਤ ਵਧੀਆ ਨਾਟਕ,ਕਵਿਤਾਵਾਂ , ਗੀਤ ਪੇਸ਼ ਕੀਤੇ ਗਏ ਗਏ। ਜਿਨ੍ਹਾਂ ਨੂੰ ਸੁਣ ਕੇ ਸਾਰੇ ਭਾਵੁਕ ਹੋ ਗਏ। ਸਕੂਲ ਦੇ ਡਾਇਰੈਕਟਰ ਸ਼੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਸਾਰੇ ਬੱਚਿਆਂ ਦੇ ਇਸ ਪ੍ਰੋਗਰਾਮ ਨੂੰ ਬਹੁਤ ਸਲਾਹਿਆ ਗਿਆ । ਉਨ੍ਹਾਂ ਵੱਲੋਂ ਬੱਚਿਆਂ ਨੂੰ ਮਾਂ ਦਿਵਸ ਦੀ ਵਧਾਈ ਦਿੰਦੇ ਹੋਏ ਦੱਸਿਆ ਗਿਆ ਕਿ ਮਾਂ ਪਿਆਰ ਅਤੇ ਤਿਆਗ ਦੀ ਉਹ ਦੇਵੀ ਹੈ ਜਿਸ ਦਾ ਕੋਈ ਵੀ ਦੇਣਾ ਨਹੀਂ ਦੇ ਸਕਦਾ। ਇਸ ਲਈ ਹਰ ਬੱਚੇ ਨੂੰ ਆਪਣੀ ਮਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਦਿਲੋਂ ਆਦਰ ਸਤਿਕਾਰ ਅਤੇ ਸੇਵਾ ਕਰਨੀ ਚਾਹੀਦੀ ਹੈ।

ਦਿੱਲੀ ਦੀ ਸੰਗਤ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਏਅਰ-ਕੰਡੀਸ਼ਨਡ ਵੈਨ ਭੇਟ



ਪਟਨਾ ਸਾਹਿਬ, 8 ਮਈ (ਜਗਜੀਤ ਸਿੰਘ) : ਸਿੱਖ ਧਰਮ ਵਿੱਚ ਸੇਵਾ ਅਤੇ ਸੰਗਤ ਦੀ ਭਲਾਈ ਦੀ ਪ੍ਰੰਪਰਾ ਨੂੰ ਅੱਗੇ ਵਧਾਉਂਦਿਆਂ ਦਿੱਲੀ ਦੇ ਇੱਕ ਸ਼ਰਧਾਲੂ ਪਰਿਵਾਰ ਵੱਲੋਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਨੂੰ 15 ਸੀਟਾਂ ਵਾਲੀ ਆਧੁਨਿਕ ਏਅਰ-ਕੰਡੀਸ਼ਨਡ ਵੈਨ ਭੇਟ ਕੀਤੀ ਗਈ। ਇਹ ਵੈਨ ਅੱਜ ਵਿਧੀਵਤ ਤੌਰ 'ਤੇ ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਨੂੰ ਸੌਂਪੀ ਗਈ, ਜਿਸ ਨਾਲ ਦੂਰ-ਦੁਰਾਡੇ ਤੋਂ ਆਉਣ ਵਾਲੀ ਸੰਗਤ ਨੂੰ ਵੱਡੀ ਸਹੂਲਤ ਮਿਲੇਗੀ। ਇਸ ਮੌਕੇ ਵਧੀਕ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ ਵੱਲੋਂ ਅਰਦਾਸ ਕੀਤੀ ਗਈ ਅਤੇ ਗੁਰੂ ਘਰ ਦੀ ਚੜ੍ਹਦੀਕਲਾ ਲਈ ਅਸੀਸਾਂ ਮੰਗੀਆਂ ਗਈਆਂ। ਸਮਾਗਮ ਦੌਰਾਨ ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਸਕੱਤਰ ਹਰਬੰਸ ਸਿੰਘ ਅਤੇ ਸੁਪਰਡੈਂਟ ਦਲਜੀਤ ਸਿੰਘ ਵੀ ਮੌਜੂਦ ਰਹੇ। ਤਖ਼ਤ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਸ਼ਰਧਾਲੂ ਪਰਿਵਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਵੈਨ ਹਵਾਈ ਅੱਡੇ, ਰੇਲਵੇ ਸਟੇਸ਼ਨ ਅਤੇ ਹੋਰ ਸਥਾਨਾਂ ਤੋਂ ਆਉਣ ਵਾਲੀ ਸੰਗਤ ਦੀ ਆਵਾਜਾਈ ਲਈ ਬਹੁਤ ਲਾਭਦਾਇਕ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਗਰਮੀ ਦੇ ਮੌਸਮ ਨੂੰ ਦੇਖਦਿਆਂ ਏਅਰ-ਕੰਡੀਸ਼ਨਡ ਵਾਹਨਾਂ ਦੀ ਲੋੜ ਕਾਫ਼ੀ ਵੱਧ ਗਈ ਸੀ ਅਤੇ ਇਸ ਸੇਵਾ ਨਾਲ ਸੰਗਤ ਨੂੰ ਆਰਾਮਦਾਇਕ ਯਾਤਰਾ ਦੀ ਸਹੂਲਤ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਸੰਗਤ ਵੱਲੋਂ ਕੀਤੀ ਜਾ ਰਹੀ ਇਹ ਨਿਸ਼ਕਾਮ ਸੇਵਾ ਹੋਰ ਲੋਕਾਂ ਲਈ ਵੀ ਪ੍ਰੇਰਣਾ ਬਣੇਗੀ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਸ਼ਰਧਾਲੂ ਵੀ ਗੁਰੂ ਘਰ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾਉਣਗੇ।ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਤਖ਼ਤ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸੀਐਸਆਰ ਸਕੀਮ ਤਹਿਤ ਵੱਖ-ਵੱਖ ਬੈਂਕਾਂ ਅਤੇ ਕਾਰਪੋਰੇਟ ਸੰਸਥਾਵਾਂ ਦੇ ਸਹਿਯੋਗ ਨਾਲ ਸਮੇਂ-ਸਮੇਂ 'ਤੇ ਬੱਸਾਂ, ਪਿਕਅੱਪ ਵੈਨਾਂ ਅਤੇ ਹੋਰ ਸਹੂਲਤਾਂ ਲਈਆਂ ਜਾਂਦੀਆਂ ਰਹੀਆਂ ਹਨ ਅਤੇ ਭਵਿੱਖ ਵਿੱਚ ਵੀ ਇਹ ਯਤਨ ਜਾਰੀ ਰਹਿਣਗੇ, ਤਾਂ ਜੋ ਦੇਸ਼-ਵਿਦੇਸ਼ ਤੋਂ ਆਉਣ ਵਾਲੀ ਸੰਗਤ ਨੂੰ ਵਧੀਆ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਸਕਣ।

ਭਾਈ ਘਨੱਈਆ ਜੀ ਦੀ ਵਿਰਾਸਤ ਰੈੱਡ ਕ੍ਰਾਸ ਦੀ ਅਸਲ ਭਾਵਨਾ ਨੂੰ ਦਰਸਾਉਂਦੀ ਹੈ : ਰਾਜਪਾਲ

ਚੰਡੀਗੜ੍ਹ, 8 ਮਈ (ਚ.ਨ.ਸ.): ਪੰਜਾਬ ਦੇ ਰਾਜਪਾਲ, ਚੰਡੀਗੜ੍ਹ ਦੇ ਪ੍ਰਸ਼ਾਸਕ ਅਤੇ ਇੰਡੀਅਨ ਰੈੱਡ ਕ੍ਰਾਸ ਸੋਸਾਇਟੀ ਪੰਜਾਬ ਦੇ ਪ੍ਰਧਾਨ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਪੰਜਾਬ ਲੋਕ ਭਵਨ ਵਿਖੇ ਵਿਸ਼ਵ ਰੈੱਡ ਕ੍ਰਾਸ ਦਿਵਸ ਮੌਕੇ ਆਯੋਜਿਤ ਰਾਜ ਪੱਧਰੀ ਸਮਾਗਮ ਦੀ ਪ੍ਰਧਾਨਗੀ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਨਾਗਰਿਕਾਂ ਨੂੰ ਦਇਆ, ਸਹਿਯੋਗ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਕੇ ਸਮਾਵੇਸ਼ੀ ਸਮਾਜ ਦੀ ਸਿਰਜਣਾ ਲਈ ਅੱਗੇ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਇਸ ਸਾਲ ਦੇ ਥੀਮ 'On the Side of Humanity' ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਦਿਵਸ ਉਹਨਾਂ ਸੇਵਾਦਾਰਾਂ ਨੂੰ ਸਮਰਪਿਤ ਹੈ ਜੋ ਬਿਨਾਂ ਕਿਸੇ ਭੇਦਭਾਵ ਦੇ ਮੁਸੀਬਤ ਵਿੱਚ ਘਿਰੇ ਲੋਕਾਂ ਦੀ ਸੇਵਾ ਕਰਦੇ ਹਨ। ਰਾਜਪਾਲ ਨੇ ਪੰਜਾਬ ਰੈੱਡ ਕ੍ਰਾਸ ਵੱਲੋਂ ਭਿਆਨਕ ਹੜਾਂ ਦੌਰਾਨ ਕੀਤੇ ਗਏ ਰਾਹਤ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਭੋਜਨ, ਦਵਾਈਆਂ, ਟੈਂਟ ਅਤੇ ਹੋਰ ਜ਼ਰੂਰੀ ਰਾਹਤ ਸਮੱਗਰੀ ਮੁਹੱਈਆ ਕਰਵਾਈ ਗਈ। ਆਪਰੇਸ਼ਨ ਸਿੰਦੂਰ ਦਾ ਹਵਾਲਾ ਦਿੰਦਿਆਂ



ਉਨ੍ਹਾਂ ਕਿਹਾ ਕਿ ਪੰਜਾਬ ਰੈੱਡ ਕ੍ਰਾਸ ਨੇ ਐਮਰਜੈਂਸੀ ਰਿਸਪਾਂਸ ਟ੍ਰੇਨਿੰਗ, ਸਿਵਲ ਡਿਫੈਂਸ ਸਹਾਇਤਾ ਅਤੇ ਵਿਸ਼ਾਲ ਖੂਨਦਾਨ ਕੈਂਪਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਨਸ਼ਿਆਂ ਦੀ ਵਧ ਰਹੀ ਸਮੱਸਿਆ 'ਤੇ ਚਿੰਤਾ ਜ਼ਾਹਿਰ ਕਰਦਿਆਂ ਰਾਜਪਾਲ ਨੇ ਇਸਨੂੰ ਪੰਜਾਬ ਦੇ ਨੌਜਵਾਨਾਂ ਲਈ ਗੰਭੀਰ ਚੁਣੌਤੀ ਕਰਾਰ ਦਿੱਤਾ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਰੈੱਡ ਕ੍ਰਾਸ ਰਾਹੀਂ ਆਯੋਜਿਤ ਪੈਦਲ ਯਾਤਰਾਵਾਂ ਨੇ ਨੌਜਵਾਨਾਂ ਅਤੇ ਸਥਾਨਕ ਭਾਈਚਾਰਿਆਂ ਵਿੱਚ ਜਾਗਰੂਕਤਾ ਪੈਦਾ ਕੀਤੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਲੜਾਈ ਨੂੰ ਜਨ ਅੰਦੋਲਨ ਬਣਾਇਆ ਜਾਵੇ ਤਾਂ ਜੋ ਤੰਦਰੁਸਤ, ਸੁਰੱਖਿਅਤ ਅਤੇ ਖੁਸ਼ਹਾਲ ਪੰਜਾਬ ਦੀ ਨਿਰਮਾਣ ਹੋ ਸਕੇ। ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਘਨੱਈਆ ਜੀ ਦੀ ਉਦਾਹਰਨ ਦਿੰਦਿਆਂ ਰਾਜਪਾਲ ਨੇ ਕਿਹਾ ਕਿ ਪੰਜਾਬ ਦੀ ਨਿਸ਼ਕਾਮ ਸੇਵਾ ਅਤੇ ਦਇਆ ਦੀ ਪਰੰਪਰਾ ਰੈੱਡ ਕ੍ਰਾਸ ਅੰਦੋਲਨ ਦੀ ਅਸਲ ਭਾਵਨਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਭਾਈ ਘਨੱਈਆ ਜੀ ਨੇ ਯੁੱਧ ਦੌਰਾਨ ਬਿਨਾਂ ਕਿਸੇ ਭੇਦਭਾਵ ਦੇ ਦੋਵੇਂ ਪੱਖਾਂ ਦੇ ਜ਼ਖ਼ਮੀ ਸੈਨਿਕਾਂ ਦੀ ਸੇਵਾ ਕੀਤੀ, ਜੋ ਰੈੱਡ ਕ੍ਰਾਸ ਦੀ ਸਥਾਪਨਾ ਤੋਂ ਸਦੀਆਂ ਪਹਿਲਾਂ ਹੀ ਮਨੁੱਖਤਾ ਅਤੇ ਨਿਸ਼ਕਾਮ ਸੇਵਾ ਦੇ ਮੁੱਲਾਂ ਨੂੰ ਜੀਵੰਤ ਕਰਦਾ ਹੈ।

ਰਾਜਪਾਲ ਨੇ ਇੰਡੀਅਨ ਰੈੱਡ ਕ੍ਰਾਸ ਸੋਸਾਇਟੀ ਪੰਜਾਬ ਸਟੇਟ ਬ੍ਰਾਂਚ ਵੱਲੋਂ ਸਿਹਤਮੰਦ ਅਤੇ ਮਜ਼ਬੂਤ ਸਮਾਜ ਦੀ ਸਿਰਜਣਾ ਲਈ ਕੀਤੀਆਂ ਜਾ ਰਹੀਆਂ ਮਨੁੱਖਤਾਵਾਦੀ ਪਹਿਲਾਂ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਟੀਬੀ ਮਰੀਜ਼ਾਂ ਨੂੰ ਪੋਸ਼ਣ ਕਿੱਟਾਂ ਵੰਡ ਕੇ ਟੀਬੀ-ਮੁਕਤ

ਮਾਝਾ-ਦੁਆਬਾ ਆਸ ਪਾਸ

ਬੀਬੀ ਕੌਲਾਂ ਜੀ ਸਕੂਲ ਵਿੱਚ ਮਾਂ ਦਿਵਸ ਸਮਾਰੋਹ

ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਮਾਵਾਂ ਦਾ ਕੀਤਾ ਸਨਮਾਨ



ਅੰਮ੍ਰਿਤਸਰ, 8 ਮਈ (ਬਬਲੂ ਮਹਾਜਨ): ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਨੇੜੇ ਗੁਰਦੁਆਰਾ ਟਾਹਲਾ ਸਾਹਿਬ ਤਰਨ ਤਾਰਨ ਰੋਡ ਵਿਖੇ 'ਮਾਂ ਦਿਵਸ' ਬੜੀ ਸ਼ਰਧਾ, ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਹ ਵਿਸ਼ੇਸ਼ ਸਮਾਗਮ ਸਕੂਲ ਦੇ ਪ੍ਰਿੰਸੀਪਲ ਮੈਡਮ ਇੰਦਰਪ੍ਰੀਤ ਕੌਰ ਜੀ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਮਾਵਾਂ ਦੇ ਪਿਆਰ, ਤਿਆਗ ਅਤੇ ਨਿਸ਼ਕਾਮ ਸੇਵਾ ਨੂੰ ਸਨਮਾਨ ਦੇਣਾ ਸੀ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਬੀਬੀ ਪਰਮਜੀਤ ਕੌਰ (ਪੰਮਾਂ ਭੈਣਜੀ), ਬੀਬੀ ਜਤਿੰਦਰ ਕੌਰ ਜੀ, ਬੀਬੀ ਜਸਵਿੰਦਰ ਕੌਰ ਅਤੇ ਬੀਬੀ ਹਰਜੀਤ ਕੌਰ ਨੇ ਸ਼ਿਰਕਤ ਕੀਤੀ। ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮੁੱਖ ਮਹਿਮਾਨਾਂ ਅਤੇ ਸਮਾਗਮ ਵਿੱਚ ਸ਼ਾਮਲ ਹੋਈਆਂ ਮਾਵਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਮਾਵਾਂ ਦੇ ਸਨਮਾਨ ਵਿੱਚ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਹਾਜ਼ਰ ਸੰਗਤ ਨੇ ਬਹੁਤ ਪਸੰਦ ਕੀਤਾ। ਇਸ ਤੋਂ ਇਲਾਵਾ ਮਾਵਾਂ ਲਈ ਮਨੋਰੰਜਕ ਖੇਡਾਂ ਅਤੇ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ, ਜਿਸ ਨਾਲ ਪੂਰਾ ਮਾਹੌਲ ਖੁਸ਼ੀਆਂ ਨਾਲ ਭਰ ਗਿਆ। ਸਮਾਗਮ ਵਿੱਚ ਸ਼ਾਮਲ ਮਾਵਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਸਕੂਲ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਇਸ ਉਪਰਾਲੇ ਦੀ ਭਰਪੂਰ ਪ੍ਰਸ਼ੰਸਾ ਕੀਤੀ।ਅੰਤ ਵਿੱਚ ਪ੍ਰਿੰਸੀਪਲ ਇੰਦਰਪ੍ਰੀਤ ਕੌਰ ਜੀ ਨੇ ਆਏ ਹੋਏ ਮੁੱਖ ਮਹਿਮਾਨਾਂ, ਮਾਵਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਰੈਡ ਕ੍ਰਾਸ ਸੁਸਾਇਟੀ ਵੱਲੋਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਸਨਮਾਨਿਤ

ਹੜ੍ਹ ਪੀੜਤਾਂ ਦੀ ਸੇਵਾ ਲਈ ਭਾਈ ਮਨਦੀਪ ਸਿੰਘ ਭੋਲੂ ਨੂੰ ਮਿਲਿਆ ਮਾਣ



ਅੰਮ੍ਰਿਤਸਰ(, 8 ਮਈ ਬਬਲੂ ਮਹਾਜਨ)ਰੈਡ ਕਰਾਸ ਸੁਸਾਇਟੀ ਦੇ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਰੈਡ ਕਰਾਸ ਸੁਸਾਇਟੀ ਦੇ ਸਥਾਪਨਾ ਦਿਵਸ ਮੌਕੇ ਰੈਡ ਕਰਾਸ ਭਵਨ ਵਿਖੇ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਇਹ ਦਿਹਾੜਾ ਰੈਡ ਕਰਾਜ ਦੇ ਬਾਨੀ ਅਤੇ ਪਿਤਾਮਾ ਸਰ ਹੈਨਰੀ ਡੂਨਟ ਜੀ ਨੂੰ ਸਮਰਪਿਤ ਹੈ।ਜਿਸ ਵਿੱਚ ਸ਼ਹਿਰ ਦੀਆਂ ਵੱਖ-ਵੱਖ ਐਨ ਜੀ ਓ ਦੇ ਨੁਮਾਇੰਦੀਆਂ,ਸੁਸਾਇਟੀਆਂ,ਯੂਥ ਕਲੱਬਾਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਸ਼੍ਰੀਮਤੀ ਪ੍ਰਗਤੀ ਸੇਠੀ ਪੀ ਸੀ ਐਸ ਅਤੇ ਆਨਰੇਰੀ ਸਕੱਤਰ ਰੈਡ ਕਰਾਸ ਸੁਸਾਇਟੀ ਅੰਮ੍ਰਿਤਸਰ ਨੇ ਹੜ੍ਹਾਂ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਹੈਨਰੀ ਡੂਨਟ ਨੂੰ ਸ਼ਰਧਾਂਜਲੀ ਪੇਸ਼ ਕੀਤੀ। ਇਸ ਮੌਕੇ ਅੱਜ ਬੀਬੀ ਕੋਲਾ ਜੀ ਭਲਾਈ ਕੇਂਦਰ ਚੈਰੀਟੇਬਲ ਟਰੱਸਟ ਨੂੰ ਸਮਾਜ ਸੇਵਾ ਵਿੱਚ ਯੋਗਦਾਨ ਪਾਉਣ ਲਈ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਆਈ ਕੁਦਰਤੀ ਆਫ਼ਤ ਦੌਰਾਨ ਕੀਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ,ਭਾਈ ਗੁਰਇਕਾਲ ਸਿੰਘ,ਤਰਨ ਤਾਰਨ ਰੋਡ,ਅੰਮ੍ਰਿਤਸਰ ਵੱਲੋਂ ਕੀਤੇ ਗਏ ਖਾਸ ਉੱਦਮਾਂ ਦੀ ਸਰਾਹਨਾ ਕੀਤੀ ਗਈ। ਟਰੱਸਟ ਵੱਲੋਂ ਪ੍ਰਭਾਵਿਤ ਪਰਿਵਾਰਾਂ ਨੂੰ ਮੈਡੀਕਲ ਕਿੱਟਾਂ, ਸੁੱਕਾ ਰਾਸ਼ਨ ਅਤੇ ਪਸ਼ੂਆਂ ਲਈ ਚਾਰੇ ਦੀ ਸੇਵਾ ਕੀਤੀ ਗਈ ਸੀ।ਹੜ ਆਉਣ ਨਾਲ ਜਿਨਾਂ ਪਰਿਵਾਰਾਂ ਦੇ ਪਸ਼ੂਆਂ ਦਾ ਨੁਕਸਾਨ ਹੋਇਆ ਸੀ ਵਿਸ਼ੇਸ਼ ਤੌਰ ਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਲੋਂ ਉਨਾਂ ਪਰਿਵਾਰਾਂ ਨੂੰ ਮੱਝਾਂ ਅਤੇ ਗਾਵਾਂ ਦੀ ਸਹਾਇਤਾ ਦਿੱਤੀ ਗਈ ਸੀ। ਅੱਜ ਇਨ੍ਹਾਂ ਸ਼ਲਾਘਾਯੋਗ ਸੇਵਾਵਾਂ ਦੇ ਮੱਦੇਨਜ਼ਰ ਟਰੱਸਟ ਵੱਲੋਂ ਭਾਈ ਮਨਦੀਪ ਸਿੰਘ ਜੀ ਭੋਲੂ ਨੂੰ ਮੁੱਖ ਮਹਿਮਾਨ ਡਾ.ਇੰਦਰਜੀਤ ਸਿੰਘ ਨਿੱਜਰ ਜੀ ਵਲੋਂ ਸਨਮਾਨਿਤ ਕੀਤਾ ਗਿਆ। ਐਮ ਐਲ ਏ ਨਿੱਜਰ ਨੇ ਮਾਨਵਤਾ ਦੀ ਸੇਵਾ ਲਈ ਰੈਡ ਕ੍ਰਾਸ ਸੋਸਾਇਟੀ ਅਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਵੱਲੋਂ ਕੀਤੇ ਕਾਰਜਾਂ ਦੀ ਸ਼ਲਾਗਾ ਕੀਤੀ।ਇਸ ਮੌਕੇ ਸ੍ਰੀ ਸੈਮਸਨ ਮਸੀਹ ਕਾਰਜਕਾਰੀ ਸਕੱਤਰ ਰੈਡ ਕਰੋਸ ਨੇ ਆਏ ਹੋਏ ਮੁੱਖ ਮਹਿਮਾਨ ਅਤੇ ਆਏ ਸਾਰੇ ਪਤਵੰਤੇ ਸੱਜਣਾਂ ਜੀ ਆਇਆ ਆਖਿਆ ਅਤੇ ਰੈਡ ਕਰਾਸ ਦੇ ਕੰਮਾਂ ਬਾਰੇ ਵਿਸਤਰਿਤ ਰਿਪੋਰਟ ਸਾਂਝੀ ਕੀਤੀ। ਇਸ ਪ੍ਰੋਗਰਾਮ ਵਿੱਚ ਸ਼ਹਿਰ ਦੀਆਂ ਹੋਰ ਪ੍ਰਸਿੱਧ ਸੰਸਥਾਵਾਂ, ਜਿਵੇਂ ਕਿ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਸਰਬੱਤ ਦਾ ਭਲਾ ਟਰਸਟ ਸ਼੍ਰੀ ਰਾਜੇਸ਼ ਸ਼ਰਮਾ ਡੀ ਓ ਆਦਿ ਦੇ ਪ੍ਰਤਿਨਿਧੀਆਂ ਸਮੇਤ ਕਈ ਮਾਣਯੋਗ ਸ਼ਖਸੀਅਤਾਂ ਹਾਜ਼ਰ ਸਨ।ਸਮਾਗਮ ਦੌਰਾਨ ਸਮਾਜ ਸੇਵਾ ਦੇ ਮੈਦਾਨ ਵਿੱਚ ਹੋਰ ਉਤਸ਼ਾਹ ਨਾਲ ਕੰਮ ਕਰਨ ਦਾ ਸੰਦੇਸ਼ ਦਿੱਤਾ ਗਿਆ ਅਤੇ ਲੋਕਾਂ ਨੂੰ ਮਨੁੱਖਤਾ ਦੀ ਭਲਾਈ ਲਈ ਅੱਗੇ ਆਉਣ ਦੀ ਅਪੀਲ ਕੀਤੀ ਗਈ।

ਬੀਬੀ ਕੌਲਾਂ ਜੀ ਵਿਖੇ ਝਲਕੇ ਮਨਾਇਆ ਜਾਵੇਗਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਿਆਈ ਗੁਰਪੁਰਬ

ਅੰਮ੍ਰਿਤਸਰ, 8 ਮਈ (ਬਬਲੂ ਮਹਾਜਨ) ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਬੀਬੀ ਕੌਲਾਂ ਜੀ ਵੱਲੋਂ ਪ੍ਰਧਾਨ ਸਰਦਾਰ ਗੁਰਦੀਪ ਸਿੰਘ ਸਲੂਜਾ ਦੀ ਅਗਵਾਈ ਹੇਠ ਛੇਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮਹਾਨ ਗੁਰਿਆਈ ਗੁਰਪੁਰਬ 10 ਮਈ 2026 ਦਿਨ ਐਤਵਾਰ ਨੂੰ ਗੁਰਦੁਆਰਾ ਬੀਬੀ ਕੌਲਾਂ ਜੀ ਕੌਲਸਰ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਗੁਰਦੀਪ ਸਿੰਘ ਸਲੂਜਾ ਨੇ ਦੱਸਿਆ ਕਿ ਗੁਰਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਅੱਜ ਆਰੰਭ ਕਰਵਾਏ ਗਏ ਹਨ, ਜਿਨ੍ਹਾਂ ਦੇ ਭੋਗ 10 ਮਈ ਨੂੰ ਸਵੇਰੇ 8 ਵਜੇ ਪਾਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਦੁਪਹਿਰ 3 ਵਜੇ ਤੋਂ ਰਾਤ 12 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ। ਸਮਾਗਮ ਦੌਰਾਨ ਪੰਥ ਪ੍ਰਸਿੱਧ ਕੀਰਤਨੀ ਜਥੇ ਅਤੇ ਸਿੰਘ ਸਾਹਿਬ ਗੁਰਬਾਣੀ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਪਹੁੰਚਣ ਦੀ ਉਮੀਦ ਹੈ।ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਅੱਜ ਇਕ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ, ਜਿਸ ਵਿੱਚ ਹਰਮੀਤ ਸਿੰਘ, ਅਮਰੀਕ ਸਿੰਘ ਚਾਵਲਾ, ਹਰਜੀਤ ਸਿੰਘ, ਜਸਵਿੰਦਰ ਸਿੰਘ, ਸੁਖਦੇਵ ਸਿੰਘ, ਜੋਗਿੰਦਰ ਸਿੰਘ, ਪਰਮਜੀਤ ਸਿੰਘ ਮਿੰਟੂ, ਤਰਜਿੰਦਰ ਸਿੰਘ ਟੋਨੀ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

ਐਸ.ਜੀ.ਆਰ.ਡੀ. ਥੈਲੇਸੀਮੀਆ ਵੈਲਫੇਅਰ ਸੋਸਾਇਟੀ ਵੱਲੋਂ ਵਿਸ਼ਵ ਥੈਲੇਸੀਮੀਆ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ



ਅੰਮ੍ਰਿਤਸਰ, 8 ਮਈ (ਬਬਲੂ ਮਹਾਜਨ) : ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰਿਸਰਚ, ਵੱਲ੍ਹਾ, ਸ੍ਰੀ ਅੰਮ੍ਰਿਤਸਰ ਵਿਖੇ ਐਸ.ਜੀ.ਆਰ.ਡੀ. ਥੈਲੇਸੀਮੀਆ ਵੈਲਫੇਅਰ ਸੋਸਾਇਟੀ ਵੱਲੋਂ ਵਿਸ਼ਵ ਥੈਲੇਸੀਮੀਆ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਐਮ.ਬੀ.ਬੀ.ਐਸ., ਨਰਸਿੰਗ ਅਤੇ ਫਿਜ਼ਿਓਥੈਰਪੀ ਦੇ ਵਿਦਿਆਰਥੀਆਂ ਦੇ ਨਾਲ-ਨਾਲ ਥੈਲੇਸੀਮੀਆ ਪ੍ਰਭਾਵਿਤ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਥੈਲੇਸੀਮੀਆ ਵਾਰਿਅਰਜ਼ ਲਈ ਇੱਕ ਰੰਗਾਰੰਗ ਸੱਭਿਆਚਾਰਕ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਨ੍ਰਿਤ ਪ੍ਰਸਤੁਤੀਆਂ, ਫੈਸ਼ਨ ਸ਼ੋਅ, ਡਰਾਇੰਗ ਮੁਕਾਬਲੇ, ਰੋਲ-ਪਲੇ, ਪੋਸਟਰ ਮੇਕਿੰਗ ਅਤੇ ਕਹਾਣੀ ਸੁਣਾਉਣ ਵਾਲੀਆਂ ਗਤੀਵਿਧੀਆਂ ਸ਼ਾਮਲ ਸਨ। ਇਹ ਸਾਰੀਆਂ ਗਤੀਵਿਧੀਆਂ ਖਾਸ ਤੌਰ 'ਤੇ ਥੈਲੇਸੀਮੀਆ ਨਾਲ ਜੂਝ ਰਹੇ ਬੱਚਿਆਂ ਲਈ ਤਿਆਰ ਕੀਤੀਆਂ ਗਈਆਂ ਸਨ, ਤਾਂ ਜੋ ਉਨ੍ਹਾਂ ਨੂੰ ਆਪਣੀ ਰਚਨਾਤਮਕਤਾ, ਆਤਮਵਿਸ਼ਵਾਸ ਅਤੇ ਹੁਨਰ ਨੂੰ ਪ੍ਰਗਟ ਕਰਨ ਲਈ ਇੱਕ ਮੰਚ ਮਿਲ ਸਕੇ। ਬੱਚਿਆਂ ਦੀ ਹੌਸਲਾ ਅਫਜ਼ਾਈ ਲਈ ਜੇਤੂਆਂ ਨੂੰ ਇਨਾਮ ਵੀ ਵੰਡੇ ਗਏ।ਇਸ ਵਿਸ਼ੇਸ਼ ਮੌਕੇ 'ਤੇ ਪ੍ਰਸਿੱਧ ਪੰਜਾਬੀ ਗਾਇਕ ਅਤੇ ਗੀਤਕਾਰ ਸ਼੍ਰੀ ਬਿਰ ਸਿੰਘ, ਸੀ.ਐਮ.ਸੀ. ਲੁਧਿਆਣਾ ਦੇ ਪੀਡੀਆਟ੍ਰਿਕ ਹਿਮੈਟੋਲੋਜੀ ਵਿਭਾਗ ਦੀ ਇੰਚਾਰਜ ਅਤੇ ਪ੍ਰਸਿੱਧ ਬਾਲ ਹਿਮੈਟੋਲੋਜਿਸਟ ਡਾ. ਸ਼ੁਤੀ ਕੱਕੜ, ਅਤੇ ਮੋਟੀਵੇਸ਼ਨਲ ਸਪੀਕਰ ਡਾ. ਅਨੁਪਮਾ ਗੁਪਤਾ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਮਿਸ ਇੰਡੀਆ ਮੈਡੀਕੋ ਦੀਵਾ ਖਿਤਾਬ ਜੇਤੂ ਮਿਸ ਨੀਲੂ ਗੁਪਤਾ ਅਤੇ ਵੀਇਸ ਆਫ ਪੰਜਾਬ ਦੀ ਜੇਤੂ ਮਿਸ ਨਿਕਿਤਾ ਪੂਰੀ ਵੀ ਮੌਜੂਦ ਰਹੇ।

ਨਗਰ ਨਿਗਮ ਵੱਲੋਂ ਵਿਕਾਸ ਕਾਰਜਾਂ ਦੀ ਸਮੀਖਿਆ

ਅੰਮ੍ਰਿਤਸਰ, 8 ਮਈ :ਗੁਰਦਿਆਲ ਸਿੰਘ :ਨਗਰ ਨਿਗਮ ਅੰਮ੍ਰਿਤਸਰ ਦੇ ਕਮਿਸ਼ਨਰ ਨੇ ਅੱਜ ਕੇਂਦਰੀ ਵਿਧਾਨ ਸਭਾ ਹਲਕੇ ਦੇ ਵਿਧਾਇਕ ਨਾਲ ਇੱਕ ਵਿਸਥਾਰਪੂਰਵਕ ਸਮੀਖਿਆ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਕੇਂਦਰੀ ਵਿਧਾਨ ਸਭਾ ਹਲਕੇ ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਨਾਲ ਸੰਬੰਧਤ ਨਾਗਰਿਕ ਸੁਵਿਧਾਵਾਂ ਅਤੇ ਵਿਕਾਸ ਕਾਰਜਾਂ ਬਾਰੇ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਸੀਵਰੇਜ, ਪੀਣ ਵਾਲੇ ਪਾਣੀ ਦੀ ਸਪਲਾਈ, ਸਟਰੀਟ ਲਾਈਟਾਂ, ਸਫਾਈ ਪ੍ਰਬੰਧ, ਨਾਜਾਇਜ਼ ਕਬਜ਼ੇ ਹਟਾਉਣ ਅਤੇ ਪਾਰਕਾਂ ਦੀ ਸੁੰਦਰਤਾ ਅਤੇ ਸੰਭਾਲ ਨਾਲ ਜੁੜੇ ਮੁੱਖ ਜਨਹਿਤ ਮਾਮਲਿਆਂ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਵੱਖ-ਵੱਖ ਵਾਰਡਾਂ ਨਾਲ ਸੰਬੰਧਤ ਮੁੱਦਿਆਂ ਦੀ ਵਿਸਥਾਰ ਨਾਲ ਸਮੀਖਿਆ ਕਰਦਿਆਂ ਨਾਗਰਿਕ ਸੁਵਿਧਾਵਾਂ ਵਿੱਚ ਸੁਧਾਰ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦੇ ਸਮੇਂਬੱਧ ਨਿਪਟਾਰੇ 'ਤੇ ਖਾਸ ਜ਼ੋਰ ਦਿੱਤਾ ਗਿਆ।

ਦਮਦਮੀ ਟਕਸਾਲ ਵਲੋਂ ਮੁੱਖ ਮੰਤਰੀ ਸ਼ੁਕਰਾਨਾ ਯਾਤਰਾ ਦਾ ਭਰਵਾਂ ਸਵਾਗਤ



ਚੌਕ ਮਹਿਤਾ, 8 ਮਈ (ਬਲਜਿੰਦਰ ਸਿੰਘ ਰੰਧਾਵਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਿਆਦਾ ਤੇ ਸਤਿਕਾਰ ਲਈ ਲਿਆ ਗਿਆ ਸਖ਼ਤ ਕਾਨੂੰਨੀ ਫ਼ੈਸਲੇ ਦੇ ਇਤਿਹਾਸਕ ਪ੍ਰਾਪਤੀ ਲਈ ਗੁਰੂ ਚਰਨਾ ਵਿਚ ਸ਼ੁਕਰਾਨਾ ਯਾਤਰਾ ਦਾ ਕਸਬਾ ਖਲਚੀਆਂ ਵਿਖੇ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਪੈਰੋਕਾਰਾਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਦਮਦਮੀ ਟਕਸਾਲ ਦੇ ਗਿਆਨੀ ਸਾਹਿਬ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿਰੋਪਾਓ ਨਾਲ ਸਨਮਾਨ ਕੀਤਾ ਤੇ ਉਨ੍ਹਾਂ ਵਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰ: ਕੁਲਬੀਰ ਸਿੰਘ ਮਾਨ ਤੇ ਪ੍ਰਿੰ: ਹਰਸ਼ਦੀਪ ਸਿੰਘ ਰੰਧਾਵਾ ਨੇ ਰਾਜਦੀਪ ਸਿੰਘ ਘੁੰਮਣ ਓ.ਐੱਸ.ਡੀ. ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਰਨਦੀਪ ਸਿੰਘ ਹੈਪੀ ਮੈਂਬਰ ਘੱਟ ਗਿਣਤੀਆਂ ਕਮਿਸ਼ਨ ਮਹਾਂਰਾਸ਼ਟਰ, ਜਸਪਾਲ ਸਿੰਘ ਸਿੱਧੂ ਚੇਅਰਮੈਨ ਸਿੱਖ ਕੋਆਰਡੀਨੇਸ਼ਨ ਕਮੇਟੀ ਮਹਾਂਰਾਸ਼ਟਰਾ, ਹਰਸ਼ਦੀਪ ਸਿੰਘ ਰੰਧਾਵਾ,ਡਾ: ਅਵਤਾਰ ਸਿੰਘ ਬੁੱਟਰ, ਗਿਆਨੀ ਗੁਰਪ੍ਰੀਤ ਸਿੰਘ ਵੈਦ, ਜਥੇਦਾਰ ਉਦੈ ਸਿੰਘ, ਭਾਈ ਅਵਤਾਰ ਸਿੰਘ ਮਾਲੂਵਾਲ, ਰਵਿੰਦਰ ਸਿੰਘ ਕੰਗ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ: ਜੋਗਿੰਦਰ ਸ਼ਰਮਾ, ਡਾ: ਰੁਪਿੰਦਰ ਸਿੰਘ ਸਮੇਤ ਵੱਖ-ਵੱਖ ਜਥੇਬੰਦੀਆਂ ਤੇ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਇਸ ਕਾਨੂੰਨ ਬਣਾਉਣ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਦਾ ਮਾਨ ਸਨਮਾਨ ਕੀਤਾ ਹੈ।

ਬ੍ਰਹਮਪੁਰਾ ਦੀ ਸ਼ਿਕਾਇਤ ਤੇ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਵੱਲੋਂ ਤਰਨ ਤਾਰਨ ਦੇ ਐਸ.ਐਸ.ਪੀ. ਅਤੇ ਡੀ.ਸੀ. ਨੂੰ ਨੋਟਿਸ

ਤਰਨ ਤਾਰਨ 8 ਮਈ : (ਗੁਰਦਿਆਲ ਸਿੰਘ) ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਵੇਈਂ ਪੂਈਂ ਵਿਖੇ ਇੱਕ ਗਰੀਬ ਦਲਿਤ ਵਿਧਵਾ ਬੀਬੀ ਦਲਬੀਰ ਕੌਰ ਦੇ ਘਰ ਨੂੰ ਅੱਗ ਲਗਾਉਣ ਅਤੇ ਪੀੜਤ ਪਰਿਵਾਰ ਦੇ ਨਿਰਦੋਸ਼ ਲੜਕੇ ਤੇ ਹੀ ਝੂਠਾ ਪਰਚਾ ਦਰਜ ਕਰਨ ਦੇ ਮਾਮਲੇ ਵਿੱਚ ਹੁਣ ਸਥਾਨਕ ਵਿਧਾਇਕ ਅਤੇ ਪੁਲਿਸ ਪ੍ਰਸ਼ਾਸਨ ਬੁਰੀ ਤਰ੍ਹਾਂ ਘਿਰਦੇ ਨਜ਼ਰ ਆ ਰਹੇ ਹਨ।ਇੱਥੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਸ਼੍ਰੋਮਣੀ ਅਕਾਲੀ

ਯੂਰੀਆ ਖਾਦ ਦੀ ਅਣ-ਅਧਿਕਾਰਤ ਵਰਤੋਂ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕਫੋਰਸ ਦਾ ਗਠਨ

ਹੁਸ਼ਿਆਰਪੁਰ, 8 ਮਈ (ਦੀਪਕ ਅਗਨੀਹੋਤਰੀ): ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸਬਸਿਡੀਸ਼ੁਦਾ ਯੂਰੀਆ ਖਾਦ ਦੀ ਅਣ-ਅਧਿਕਾਰਤ ਵਰਤੋਂ ਤੇ ਡਾਇਵਰਜਨ ਨੂੰ ਰੋਕਣ ਲਈ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਦਾ ਗਠਨ ਕੀਤਾ ਗਿਆ ਹੈ। ਇਸ ਟਾਸਕ ਫੋਰਸ ਵਿੱਚ ਮੁੱਖ ਖੇਤੀਬਾੜੀ ਅਫਸਰ, ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਤੇ ਐਸ.ਪੀ. ਹੈਡ ਕੁਆਰਟਰ ਨੂੰ ਸ਼ਾਮਲ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਇਸ ਟਾਸਕਫੋਰਸ ਦਾ ਮੁੱਖ ਉਦੇਸ਼ ਖੇਤੀਬਾੜੀ ਲਈ ਦਿੱਤੀ ਜਾਣ ਵਾਲੀ ਸਬਸਿਡੀਸ਼ੁਦਾ ਯੂਰੀਆ ਖਾਦ ਦੀ ਗੈਰ-ਖੇਤੀਬਾੜੀ ਕੰਮਾਂ ਵਿੱਚ ਹੋ ਰਹੀ ਵਰਤੋਂ 'ਤੇ ਨਿਗਰਾਨੀ ਰੱਖਣਾ ਤੇ ਇਸ ਨੂੰ ਪੂਰੀ ਤਰ੍ਹਾਂ ਰੋਕਣਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਕਿਸਾਨਾਂ ਨੂੰ ਵਾਜ਼ਬ ਕੀਮਤ 'ਤੇ ਯੂਰੀਆ



ਉਪਲਬੱਧ ਕਰਵਾਉਣ ਲਈ ਵੱਡੇ ਪੱਧਰ 'ਤੇ ਸਬਸਿਡੀ ਦਿੱਤੀ ਜਾਂਦੀ ਹੈ, ਪਰ ਕੁਝ ਉਦਯੋਗਿਕ ਇਕਾਈਆਂ ਤੇ ਫੈਕਟਰੀਆਂ ਵੱਲੋਂ ਇਸ ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ।ਮੁੱਖ ਖੇਤੀਬਾੜੀ ਅਫਸਰ ਡਾ. ਦਪਿੰਦਰ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟਾਸਕਫੋਰਸ ਵੱਲੋਂ ਜ਼ਿਲ੍ਹੇ ਵਿੱਚ ਯੂਰੀਆ ਖਾਦ ਦੀ ਸਪਲਾਈ, ਸਟੋਰੇਜ ਤੇ ਵਰਤੋਂ 'ਤੇ ਲਗਾਤਾਰ ਨਿਗਰਾਨੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਯੂਰੀਆ ਖਾਦ ਦੀ ਅਣ-ਅਧਿਕਾਰਤ ਵਰਤੋਂ ਸਬੰਧੀ ਕੋਈ ਜਾਣਕਾਰੀ ਜਾਂ ਸ਼ਿਕਾਇਤ ਹੋਵੇ ਤਾਂ ਉਹ ਖੇਤੀਬਾੜੀ ਵਿਭਾਗ ਦੇ ਸਬੰਧਤ ਬਲਾਕ ਦਫ਼ਤਰ ਵਿਖੇ ਸੰਪਰਕ ਕਰ ਸਕਦਾ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਦੋਸ਼ੀਆਂ ਖਿਲਾਫ ਫਰਟੀਲਾਇਜ਼ਰ ਕੰਟਰੋਲ ਆਰਡਰ 1985 ਤਹਿਤ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਰਮਨ ਬਹਿਲ ਵੱਲੋਂ ਪੀਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਦੋ ਆਧੁਨਿਕ ਕਲਾਸ ਰੂਮਾਂ ਦਾ ਉਦਘਾਟਨ

ਗੁਰਦਾਸਪੁਰ, 8 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਸਰਕਾਰੀ ਸਕੂਲ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਸੁਵਿਧਾਵਾਂ ਮੁਹੱਈਆ ਕਰਵਾਉਣ ਤੇ ਸਿੱਖਿਆ ਪੱਧਰ ਨੂੰ ਉਚਾ ਚੁੱਕਣ ਲਈ ਸੂਬੇ ਦੀ ਮਾਨ ਸਰਕਾਰ ਵਚਨਬੱਧ ਹੈ। ਇਹ ਵਿਚਾਰ ਆਪ ਦੇ ਹਲਕਾ ਇੰਚਾਰਜ ਰਮਨ ਬਹਿਲ ਨੇ ਸਥਾਨਕ ਪੀਐਮ ਸ੍ਰੀ ਸਸਸਸ ਕੰਨਿਆ ਵਿਖੇ ਬਣੇ ਦੋ ਆਧੁਨਿਕ ਕਲਾਸਰੂਮ ਦਾ ਉਦਘਾਟਨ ਕਰਨ ਸਮੇਂ ਕਰਵਾਏ ਸਮਾਰੋਹ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਹਲਕਾ ਇੰਚਾਰਜ ਬਹਿਲ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਨੂੰ ਸਿੱਖਿਆ, ਸਿਹਤ ਤੇ ਹੋਰ ਬੁਨਿਆਦੀ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਤੇ ਆਪ ਸਰਕਾਰ ਨੇ ਕਈ ਲੋਕਹਿੱਤ ਇਤਿਹਾਸਕ ਫੈਸਲੇ ਲੈ ਕੇ ਸ਼ਲਾਘਾਯੋਗ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ, ਸਰਕਾਰੀ ਸਕੂਲ ਵਿੱਚ ਵਿਦਿਆਰਥੀਆ ਨੂੰ ਹਰਸੰਭਵ ਸੁਵਿਧਾਵਾ ਦੇਣ ਲਈ ਯਤਨਸ਼ੀਲ ਹੈ। ਉਨ੍ਹਾਂ ਦੱਸਿਆ ਕਿ ਇਸ



ਸਕੂਲ ਨੂੰ 14 ਨਵੇਂ ਕੰਪਿਊਟਰ, 4 ਐਲ.ਈ.ਡੀ. ਪੈਨਲ ਮੁਹੱਈਆ ਕਰਵਾਏ ਗਏ ਹਨ। ਉਨ੍ਹਾਂ ਨੇ ਭਵਿੱਖ ਵਿੱਚ ਵੀ ਸਕੂਲ ਦੀਆਂ ਦਰਪੇਸ਼ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਸਕੂਲ ਇੰਚਾਰਜ ਅਰਚਨਾ ਜੋਸ਼ੀ ਨੇ ਮੁੱਖ ਮਹਿਮਾਨ ਰਮਨ ਬਹਿਲ ਤੇ ਹੋਰ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਸਕੂਲ ਦੀਆ ਪ੍ਰਾਪਤੀਆਂ 'ਤੇ ਰੌਸ਼ਨੀ ਪਾਈ। ਪ੍ਰਿੰਸੀਪਲ ਬਲਜਿੰਦਰ ਕੌਰ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਸਕੂਲ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਦੀ ਅਪੀਲ ਕੀਤੀ। ਆਪ ਦੇ ਜ਼ਿਲ੍ਹਾ ਸਿੱਖਿਆ ਕੋਆਰਡੀਨੇਟਰ ਅਸ਼ਵਨੀ ਸ਼ਰਮਾ, ਲੈਕਚਰਾਰ ਵਿਪਨ ਕੁਮਾਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਿੱਖਿਆ ਹਲਕਾ ਕੋਆਰਡੀਨੇਟਰ ਅਸ਼ਵਨੀ ਸ਼ਰਮਾ, ਮੁੱਖ ਮੰਤਰੀ ਤੀਰਥ ਯਾਤਰਾ ਹਲਕਾ ਕੋਆਰਡੀਨੇਟਰ ਗਗਨ ਮਹਾਜਨ, ਇੰਪਰੂਵਮੈਂਟ ਗੁਰਦਾਸਪੁਰ ਦੇ ਟਰੱਸਟੀ ਹਿਤੇਸ਼ ਮਹਾਜਨ, ਬਲਾਕ ਪ੍ਰਧਾਨ ਰਾਜੇਸ਼ ਤਿੱਬੜ, ਹੇਮਰਾਜ ਗਿੱਲ, ਸ਼ੋਸਲ ਮੀਡੀਆ ਬਲਾਕ ਪ੍ਰਧਾਨ ਰਿਸ਼ੀ ਕਾਂਤ, ਸਕੂਲ ਇੰਚਾਰਜ ਅਰਚਨਾ ਜੋਸ਼ੀ, ਸਕੂਲ ਚੇਅਰਮੈਨ ਦੀਪਿਕਾ ਸ਼ਰਮਾ, ਲੈਕਚਰਾਰ ਵਿਪਨ ਕੁਮਾਰ, ਅਨਿਲ ਬਨੋਟ, ਸੁਖਦੇਵ ਸਿੰਘ, ਗੁਰਮੀਤ ਸਿੰਘ, ਸੀਮਾ ਰਾਣੀ, ਪੰਕਜ ਸ਼ਰਮਾ, ਰਜਿੰਦਰ ਸਿੰਘ, ਸੰਸਾਰ ਸਿੰਘ, ਕੁਲਵਿੰਦਰ ਕੌਰ, ਰੋਜੀ ਗੁਪਤਾ, ਰੁਚਿਕਾ, ਸੁਮਨ ਬਾਲਾ, ਮਨਦੀਪ ਕੌਰ ਆਦਿ ਸਟਾਫ ਮੈਂਬਰ ਮੌਜੂਦ ਸਨ।

ਵਿਧਾਇਕ ਸ਼ੈਰੀ ਕਲਸੀ ਵੱਲੋਂ ਵਾਰਡ ਨੰਬਰ 27 'ਚ ਗਲੀ ਦਾ ਉਦਘਾਟਨ

ਬਟਾਲਾ, 8 ਮਈ (ਬਲਵਿੰਦਰ ਸਿੰਘ ਪੰਜਗਰਾਈਂ/ ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਤਹਿਤ ਉਨ੍ਹਾਂ ਵੱਲੋਂ ਵਾਰਡ ਨੰਬਰ 27, ਟਾਕੀ ਮੁਹੱਲਾ ਵਿਖੇ ਗਲੀ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਬਟਾਲਾ ਸ਼ਹਿਰ ਨੂੰ ਖੂਬਸੂਰਤ ਤੇ ਵਿਕਾਸ ਪੱਖੋਂ ਸੂਬੇ ਦਾ ਨਮੂਨੇ ਦਾ ਸ਼ਹਿਰ ਬਣਾਇਆ ਜਾ ਰਿਹਾ ਹੈ। ਇਸ ਮੌਕੇ ਚੇਅਰਮੈਨ ਮਾਨਿਕ ਮਹਿਤਾ ਵੀ ਮੌਜੂਦ ਸਨ। ਇਸ ਮੌਕੇ ਵਾਰਡ ਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਅੱਜ ਵਾਰਡ ਵਾਸੀਆਂ ਦੀ ਮੰਗ ਪੂਰੀ ਕੀਤੀ ਗਈ ਹੈ, ਜਿਸ ਨਾਲ ਵਾਰਡ ਵਾਸੀਆਂ ਨੂੰ ਆਵਾਜਾਈ ਦੀ ਸੁਖਾਲੀ ਹੋਵੇਗੀ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਉਹ ਬਟਾਲਾ ਵਾਸੀਆਂ ਦੀ ਸਹੂਲਤ ਲਈ ਦਿਨ-ਰਾਤ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਹਨ ਤੇ ਪਿਛਲੇ ਚਾਰ ਸਾਲਾਂ ਅੰਦਰ ਬਟਾਲੇ ਅੰਦਰ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।



ਉਨ੍ਹਾਂ ਦੱਸਿਆ ਕਿ ਬਟਾਲਾ ਵਾਸੀਆਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦਾ ਉਦਘਾਟਨ ਕਰਨ ਉਪਰੰਤ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ ਹੈ ਤੇ ਰੋਜ਼ਾਨਾ ਲੋਕ ਵੱਖ-ਵੱਖ ਸੇਵਾਵਾਂ ਦਾ ਲਾਭ ਲੈ ਰਹੇ ਹਨ। ਇਸੇ ਤਰ੍ਹਾਂ ਸ਼ਹਿਰ ਦੀਆਂ ਪ੍ਰਮੁੱਖ ਸੜਕਾਂ 'ਤੇ ਲਾਈਟਾਂ ਲਗਾਈਆਂ ਗਈਆਂ ਹਨ। ਸ਼ਹਿਰ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾ ਰਹੇ ਹਨ। ਸ਼ਹਿਰ ਵਿਚਲੀ ਲਾਇਬ੍ਰੇਰੀ ਦੀ ਨਵੀਂ ਇਮਾਰਤ ਲੋਕਾਂ ਨੂੰ ਸਮਰਪਿਤ ਕੀਤਾ ਜਾ ਚੁੱਕੀ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿਖੇ ਸ਼ਾਨਦਾਰ ਕਲਾਕ ਟਾਵਰ ਲਗਾ ਕੇ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਹੈ। ਲੋਕਾਂ ਨੂੰ ਸਾਫ਼-ਸੁਥਰਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਰੀਬ 24 ਕਰੋੜ ਰੁਪਏ ਦੀ ਲਾਗਤ ਨਾਲ ਵਿਕਾਸ ਕੰਮ ਸ਼ੁਰੂ ਕੀਤਾ ਗਿਆ ਹੈ।

ਆਂਗਨਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਹਲਕਾ ਵਿਧਾਇਕ ਦੇ ਦਫ਼ਤਰ ਦੇ ਸਾਹਮਣੇ ਰੋਸ ਪ੍ਰਦਰਸ਼ਨ



ਦਸੂਹਾ, 8 ਮਈ (ਰਾਜਿੰਦਰ ਸਿੰਘ ਦਸੂਹਾ): ਆਲ ਪੰਜਾਬ ਆਂਗਨਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਹਲਕਾ ਵਿਧਾਇਕ ਦਸੂਹਾ ਦੇ ਦਫਤਰ ਦੇ ਸਾਹਮਣੇ ਬਲਾਕ ਪ੍ਰਧਾਨ ਸਰਬਜੀਤ ਕੌਰ ਤੂਰ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਦੇ ਪਿਤਾ ਜਗਮੋਹਨ ਸਿੰਘ ਬੱਬੂ ਘੁੰਮਣ ਨੂੰ ਯੂਨੀਅਨ ਵੱਲੋਂ ਮੰਗ ਪੱਤਰ ਸੌਂਪਿਆ ਗਿਆ। ਇਸ ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਵੋਟਾਂ ਵੇਲੇ ਕੀਤੇ ਗਏ ਵਾਅਦੇ ਅਨੁਸਾਰ ਆਂਗਨਵਾੜੀ ਵਰਕਰਾਂ/ ਹੈਲਪਰਾਂ ਦਾ ਮਾਣ ਭੱਤਾ ਦੁਗਣਾ ਕੀਤਾ ਜਾਵੇ। ਆਂਗਨਵਾੜੀ ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਮਾਵਾਂ-ਧੀਆਂ ਸਤਿਕਾਰਯੋਗ ਯੋਜਨਾ ਵਿੱਚ ਕੰਮ ਲੈਣ ਵਾਸਤੇ ਆਂਗਨਵਾੜੀ ਵਰਕਰ ਨੂੰ 200 ਰੁਪਏ ਤੇ ਹੈਲਪਰ ਨੂੰ 100 ਰੁਪਏ ਦਿੱਤੇ ਜਾਣ, ਆਂਗਨਵਾੜੀ ਵਰਕਰਾਂ ਕੋਲੋਂ ਵਾਧੂ ਕੰਮ ਕਰਵਾਉਣੇ ਜਿਵੇਂ ਜਣਗਣਨਾ ਆਰਥਿਕ ਸਰਵੇ, ਡਰੱਗ ਸਰਵੇ ਆਦਿ ਬੰਦ ਕੀਤੇ ਜਾਣ। ਆਂਗਨਵਾੜੀ ਕੇਂਦਰਾਂ ਦੇ ਵਿੱਚ ਆ ਰਿਹਾ ਰਾਸ਼ਨ ਸਰਕਾਰੀ ਅਦਾਰਿਆਂ ਰਾਹੀਂ ਦਿੱਤਾ ਜਾਵੇ, ਆਂਗਨਵਾੜੀ ਵਰਕਰ ਨੂੰ ਪ੍ਰੀ-ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ ਤੇ ਬੱਚੇ ਵਾਪਸ ਆਂਗਨਵਾੜੀਆਂ ਵਿੱਚ ਭੇਜੇ ਜਾਣ, ਐਨ.ਜੀ.ਓ. ਨੂੰ ਦਿੱਤੇ ਬਲਾਕਾਂ ਦਾ ਨੋਟੀਫਿਕੇਸ਼ਨ ਜਾਰੀ ਹੋ ਚੁੱਕੇ, ਨੂੰ ਲਾਗੂ ਕੀਤਾ ਜਾਵੇ। ਧਰਨੇ 'ਚ ਬਲਵਿੰਦਰ ਕੌਰ ਲੁਗਾਣਾ, ਰਜਨੀ, ਬਲਵਿੰਦਰ ਕੌਰ ਬੇਰਛਾ, ਨੀਲਮ, ਸੰਦੀਪ, ਨੀਨਾ, ਮਨਦੀਪ, ਸੁਖਨਿੰਦਰ ਕੌਰ ਹਾਜ਼ਰ ਸਨ।

ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਨੇ ਵਿਸ਼ਵ ਰੈਡ ਕਰਾਸ ਦਿਵਸ ਮਨਾਇਆ

ਗੁਰਦਾਸਪੁਰ, 8 ਮਈ (ਸੰਧੂ/ ਬਸਰਾ): ਡਿਪਟੀ ਕਮਿਸ਼ਨਰ ਕਮ ਪ੍ਰਧਾਨ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਗੁਰਦਾਸਪੁਰ ਆਦਿਤਿਆ ਉਪਲ ਦੀ ਅਗਵਾਈ ਹੇਠ, ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਗੁਰਦਾਸਪੁਰ ਵੱਲੋਂ ਵਿਸ਼ਵ ਰੈਡ ਕਰਾਸ ਦਿਵਸ ਰੈਡ ਕਰਾਸ ਦਫਤਰ ਵਿੱਚ ਮਨਾਇਆ ਗਿਆ। ਜਿਸ ਦਾ ਥੀਮ 'ਯੂਨਾਈਟਿਡ ਇੰਨ ਹਿਊਮੈਨਿਟੀ' ਸੀ। ਸਮਾਗਮ ਵਿੱਚ ਕੁਲਦੀਪ ਚੰਦ, ਸਹਾਇਕ ਕਮਿਸ਼ਨਰ (ਜ), ਗੁਰਦਾਸਪੁਰ ਬਤੌਰ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਵੱਲੋਂ ਹਾਜ਼ਰ ਵਿਅਕਤੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਰੈਡ ਕਰਾਸ ਸੁਸਾਇਟੀ ਇੱਕ ਬੁਹਤ ਹੀ ਪੁਰਾਣੀ ਸੁਸਾਇਟੀ ਹੈ, ਜਿਸ ਦਾ ਮੁੱਖ ਉਦੇਸ਼



ਗਰੀਬ, ਬੇਸਹਾਰਾ, ਦਿਵਿਆਂਗ ਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਨਾ ਹੈ। ਜਿਸ ਤਰ੍ਹਾਂ ਭਾਈ ਘਨੱਈਆ ਜੀ ਵੱਲੋਂ ਲੜਾਈ ਦੇ ਮੈਦਾਨ ਵਿੱਚ ਫੱਟੜ ਹੋਏ ਸਿਪਾਹੀਆਂ ਦੀ ਮੱਲਮ ਪੱਟੀ ਤੇ ਪਾਣੀ ਪਿਆ ਕੇ ਬਿਨਾਂ ਕਿਸੇ ਭੇਦਭਾਵ ਦੇ ਨਾਲ ਮਦਦ ਕੀਤੀ ਸੀ। ਉਸ ਉਦੇਸ਼ ਦੇ ਨਾਲ ਇਹ ਸੁਸਾਇਟੀ ਪੂਰੇ ਵਿਸ਼ਵ ਵਿੱਚ ਕੰਮ ਕਰ ਰਹੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਹਮੇਸ਼ਾ ਲੋਕਾਂ ਦੀ ਮਦਦ ਕਰਨ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਮੌਕੇ ਰਾਜੀਵ ਸਿੰਘ ਸਕੱਤਰ, ਜ਼ਿਲ੍ਹਾ ਰੈਡ ਕਰਾਸ ਸੁਸਾਇਟੀ, ਗੁਰਦਾਸਪੁਰ ਵੱਲੋਂ ਕੀਤੇ ਗਏ ਜਾ ਰਹੇ ਲੋਕ ਭਲਾਈ ਦੇ ਕੰਮਾਂ ਬਾਰੇ ਆਮ ਜਨਤਾ ਨੂੰ ਜਾਣੂੰ ਕਰਵਾਇਆ। ਇਸ ਮੌਕੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਇੱਕ ਮੁਫ਼ਤ ਮੈਡੀਕਲ ਜਾਂਚ ਕੈਂਪ ਵੀ ਇਸ ਦਫਤਰ ਵਿੱਚ ਲਗਾਇਆ ਗਿਆ, ਜਿਸ ਵਿੱਚ ਲਗਭਗ 60 ਦੇ ਕਰੀਬ ਵਿਅਕਤੀਆਂ ਦਾ ਚੈਕਅੱਪ ਕੀਤਾ ਗਿਆ ਤੇ ਉਨ੍ਹਾਂ ਨੂੰ ਜ਼ਰੂਰਤ ਅਨੁਸਾਰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਮੌਕੇ ਡਾ. ਵਿਪਨਦੀਪ, ਡਾ. ਅਮਨਪ੍ਰੀਤ ਸਿੰਘ, ਫਾਰਮਾਸਿਸਟ, ਮੁਨੀਸ਼ ਕੁਮਾਰ, ਅਰਵਿੰਦ ਕੁਮਾਰ, ਸ਼ਿਵਾ, ਮਨੋਸਵਰ ਸਿੰਘ, ਸਰਦਾਰੀ ਲਾਲ, ਮਿਸ ਜ਼ੋਤੀ, ਸੁਮਨ ਤੇ ਕਮਲਾ ਦੇਵੀ ਹਾਜ਼ਰ ਸਨ।

ਰਜਬਾਹਾ ਧਿਆਨਪੁਰ 'ਚੋਂ ਨਿਕਲ ਰਹੇ ਨਾਲੇ ਨੂੰ ਬਣਾਉਣ ਲਈ ਵਰਤਿਆ ਜਾ ਰਿਹੈ ਘਟੀਆ ਮਟੀਰੀਅਲ

ਡੇਰਾ ਬਾਬਾ ਨਾਨਕ, 8 ਮਈ (ਹੈਪੀ ਕੋਟਲੀ): ਇੱਕ ਪਾਸੇ ਜਿੱਥੇ ਪੰਜਾਬ ਸਰਕਾਰ ਵੱਲੋਂ ਨਹਿਰੀ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਣ ਦੀ ਗੱਲ ਕੀਤੀ ਜਾ ਰਹੀ ਹੈ, ਉਥੇ ਹੀ ਉਪ ਮੰਡਲ ਅਲੀਵਾਲ ਅਧੀਨ ਪੈਂਦੇ ਰਜਬਾਹਾ ਧਿਆਨਪੁਰ ਦਾ ਨਹਿਰੀ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪਹੁੰਚਾਉਣ ਲਈ ਜੋ ਨਾਲਾ ਬਣ ਰਿਹਾ ਹੈ, ਇਸ ਨਾਲੇ ਨੂੰ ਬਣਾਉਣ ਲਈ ਘਟੀਆ ਕਿਸਮ ਦੇ ਮਟੀਰੀਅਲ ਵਰਤੋਂ ਕੀਤੀ ਜਾ ਰਹੀ। ਜਾਣਕਾਰੀ ਦਿੰਦੇ ਹੋਏ ਪਿੰਡ ਗਾਜ਼ੀਨੰਗਲ ਦੇ ਕਿਸਾਨ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਲਈ ਪੰਜਾਬ ਸਰਕਾਰ ਤੋਂ ਇੱਕ ਨਾਲਾ ਬਣਾਇਆ ਜਾ ਰਿਹਾ ਹੈ। ਸਬੰਧਤ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਠੇਕੇਦਾਰ ਵੱਲੋਂ ਘਟੀਆ ਕਿਸਮ ਦਾ ਮਟੀਰੀਅਲ ਵਰਤਿਆ ਜਾ ਹੈ, ਜੋ ਕਿ ਬਣਨ ਤੋਂ ਪਹਿਲਾਂ ਹੀ ਟੁੱਟਦਾ ਜਾ ਰਿਹਾ ਹੈ, ਉਨ੍ਹਾਂ ਦੱਸਿਆ ਕਿ ਕਈ ਵਾਰ ਕਹਿਣ ਦੇ ਬਾਵਜੂਦ ਵੀ ਠੇਕੇਦਾਰ ਤੇ ਸਬੰਧਤ ਵਿਭਾਗ ਦੇ ਅਧਿਕਾਰੀ ਟਾਲ-ਮਟੋਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਨਾਲਾ ਬਣਾਉਣ ਦਾ ਕੰਮ ਰੱਬ ਆਸਰੇ ਚੱਲ ਰਿਹਾ ਹੈ, ਇਥੋਂ ਤੱਕ



ਕਿ ਸਬੰਧਤ ਵਿਭਾਗ ਦੇ ਅਧਿਕਾਰੀ ਗੇੜਾ ਤੱਕ ਵੀ ਨਹੀਂ ਮਾਰਦੇ, ਕਿਸਾਨ ਪਰਮਜੀਤ ਸਿੰਘ ਨੇ ਮੰਗ ਕਤੀ ਕਿ ਸਬੰਧਤ ਵਿਭਾਗ ਦੇ ਅਧਿਕਾਰੀ ਤੇ ਠੇਕੇਦਾਰ ਪੰਜਾਬ ਸਰਕਾਰ ਵੱਲੋਂ ਨਾਲਾ ਬਣਾਉਣ ਲਈ ਦਿੱਤੀ ਗਈ ਗ੍ਰਾਂਟ ਨੂੰ ਖੁਰਦ-ਬੁਰਦ ਕਰ ਰਹੇ ਹਨ, ਇਸ ਮੌਕੇ ਕਿਸਾਨ ਪਰਮਜੀਤ ਸਿੰਘ ਨੇ ਮੰਗ ਕੀਤੀ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਹੀ ਰਜਬਾਹਾ ਧਿਆਨਪੁਰ ਪੰਜਾਬ ਸਰਕਾਰ ਵੱਲੋਂ ਪੱਕਾ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ ਤੇ ਇਸ ਰਜਬਾਹਾ ਦਾ ਕੰਮ ਵੀ ਅੱਧ ਵਿਚਾ

ਇੱਕ ਸਾਲ ਬੀਤਣ 'ਤੇ ਵੀ ਸਿਮਰੀ 'ਚ ਪਸਰੀ ਹੋਈ ਹੈ ਖਾਮੋਸ਼ੀ

☛ਅਜੇ ਵੀ ਪਿੰਡ ਵਾਸੀਆਂ ਦੇ ਕੰਨਾਂ 'ਚ ਗੂੰਜਦੀ ਹੈ ਤੋਪਾਂ ਦੇ ਗੋਲਿਆਂ ਦੀ ਆਵਾਜ਼



ਸਿਮਰੀ (ਕਸ਼ਮੀਰ ਵਾਦੀ), 8 ਮਈ (ਚ.ਨ.ਸ): ਦਰਿਆ ਇਸ ਪਿੰਡ ਵਿੱਚੋਂ ਲੰਘਦਾ ਹੈ, ਜੋ ਪਿੰਡ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਇੱਕ ਪਾਸੇ ਭਾਰਤ ਹੈ ਤੇ ਤੇਜ਼ ਵਗਦੇ ਪਾਣੀ ਦੇ ਦੂਜੇ ਪਾਸੇ ਮਕਬੂਜ਼ਾ ਕਸ਼ਮੀਰ ਹੈ। ਜੇ ਆਪ੍ਰੇਸ਼ਨ ਸਿੰਦੂਰ ਦਾ ਕੋਈ ਕੇਂਦਰ ਬਿੰਦੂ (ਗਰਾਊਂਡ ਜ਼ੀਰੋ) ਹੈ ਤਾਂ ਉਹ ਸਿਮਰੀ ਹੈ, ਜਿੱਥੇ ਤੋਪਾਂ ਦੇ ਗੋਲਿਆਂ ਦੀ ਗੜਗੜਾਹਟ ਅਜੇ ਵੀ ਉਨ੍ਹਾਂ ਪਿੰਡ ਵਾਸੀਆਂ ਦੇ ਕੰਨਾਂ ਵਿੱਚ ਗੂੰਜਦੀ ਹੈ ਜੋ ਸਾਲ ਪਹਿਲਾਂ ਦੀ ਉਸ ਰਾਤ ਦੀਆਂ ਯਾਦਾਂ ਨੂੰ ਭੁਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸਰਹੱਦੀ ਪਿੰਡ ਜੋ ਕਿ ਉਚੇ ਪਹਾੜਾਂ ਨਾਲ ਘਿਰਿਆ ਹੋਇਆ ਹੈ, ਤੋਂ ਭਾਰਤੀ ਫ਼ੌਜ ਨੇ 6-7 ਮਈ 2025 ਦੀ ਦਰਮਿਆਨੀ ਰਾਤ ਨੂੰ ਕਿਸ਼ਨ ਗੰਗਾ ਦਰਿਆ ਦੇ ਪਾਰ ਗੋਲੇ ਦਾਗੇ ਸਨ। ਇਹ ਆਪ੍ਰੇਸ਼ਨ ਸਿੰਦੂਰ ਦੀ ਸ਼ੁਰੂਆਤ ਦਾ ਸੰਕੇਤ ਸੀ, ਜੋ ਪਾਕਿਸਤਾਨ ਵਿਚਲੇ ਦਹਿਸ਼ਤੀ ਅੱਡਿਆਂ ਨੂੰ ਤਬਾਹ ਕਰਨ ਲਈ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਦੇ ਜਵਾਬ ਵਿੱਚ ਭਾਰਤ ਦੀ ਕਾਰਵਾਈ ਸੀ। ਇੱਕ ਸਾਲ ਬਾਅਦ, ਸ੍ਰੀਨਗਰ ਤੋਂ ਲਗਭਗ 180 ਕਿਲੋਮੀਟਰ ਦੂਰ ਤੰਗਧਾਰ ਸੈਕਟਰ ਵਿੱਚ ਸ਼ਮਸ਼ਾਬਾਰੀ ਪਹਾੜਾਂ ਦੀ ਤਲਹਟੀ ਵਿੱਚ ਵੱਸੇ ਇਸ ਖ਼ੂਬਸੂਰਤ ਪਿੰਡ ਵਿੱਚ ਹੁਣ ਖ਼ਾਮੋਸ਼ੀ ਪਸਰੀ ਹੋਈ ਹੈ। ਜ਼ਿੰਦਗੀ ਆਪਣੀ ਲੀਹ 'ਤੇ ਪਰਤ ਆਈ ਹੈ, ਪਰ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਚੁੱਪ ਤੇ ਇੱਕ ਖ਼ਾਸ ਕਿਸਮ ਦੀ ਬੇਭਰੋਸਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਲੋਕ ਇਹ ਕਹਿ ਕੇ ਚਲੇ ਜਾਂਦੇ ਹਨ ਕਿ ਉਹ ਸਿਰਫ਼ ਪਹਾੜੀ ਭਾਸ਼ਾ ਹੀ ਸਮਝਦੇ ਹਨ। ਦੇਸ਼ ਦੇ ਬਿਲਕੁਲ ਆਖ਼ਰੀ ਕੰਢੇ 'ਤੇ ਸਥਿਤ ਸਿਮਰੀ ਦੀ ਆਬਾਦੀ 500 ਹੈ ਤੇ ਇੱਥੇ ਲਗਭਗ 80 ਘਰ ਹਨ। ਰਵਾਇਤੀ ਮਿੱਟੀ ਤੇ ਲੱਕੜ ਦੇ ਘਰਾਂ ਦੇ ਨਾਲ-ਨਾਲ ਇੱਥੇ ਇੱਕ ਦਰਜਨ ਦੇ ਕਰੀਬ ਆਧੁਨਿਕ ਕੰਕਰੀਟ ਦੀਆਂ ਇਮਾਰਤਾਂ ਹਨ। ਜੇ ਦਰਿਆ ਦੇ ਪਾਣੀ ਦਾ ਸ਼ੋਰ ਨਾ ਹੁੰਦਾ ਤਾਂ ਇੱਕ ਪਾਸੇ ਦੇ ਲੋਕ ਦੂਜੇ ਪਾਸੇ ਦੇ ਲੋਕਾਂ ਨੂੰ ਆਵਾਜ਼ ਮਾਰ ਕੇ ਆਸਾਨੀ ਨਾਲ ਸੁਣ ਸਕਦੇ ਸਨ।

'ਖੰਡਰ ਬਣ ਰਹੀ ਹੈ ਗੁਰਦਾਸਪੁਰ ਦੀ ਇਤਿਹਾਸਕ ਵਿਰਾਸਤ'

ਅੰਗਰੇਜ਼ਾਂ ਵੱਲੋਂ 1852 'ਚ ਬਣਾਈ ਡੀਸੀ ਦਫ਼ਤਰ ਦੀ ਆਲੀਸ਼ਾਨ ਇਮਾਰਤ

ਗੁਰਦਾਸਪੁਰ, 8 ਮਈ (ਚ.ਨ.ਸ): ਪੰਜਾਬ ਦੀ ਧਰਤੀ 'ਤੇ ਮੁਗਲ ਕਾਲ ਤੇ ਅੰਗਰੇਜ਼ੀ ਸਾਸ਼ਨ ਕਾਲ ਨਾਲ ਸਬੰਧਤ ਅਨੇਕਾਂ ਵਿਰਾਸਤੀ ਤੇ ਇਤਿਹਾਸਕ ਇਮਾਰਤਾਂ ਮੌਜੂਦ ਹਨ ਪਰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਦੀ ਲੋੜੀਂਦੀ ਸਾਂਭ-ਸੰਭਾਲ ਨਾ ਹੋਣ ਕਾਰਨ ਜ਼ਿਆਦਾਤਰ ਵਿਰਾਸਤੀ ਇਮਾਰਤਾਂ ਜਾਂ ਤਾਂ ਢਹਿ ਢੇਰੀ ਹੋ ਗਈਆਂ ਜਾਂ ਫਿਰ ਖੰਡਰ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਅਜਿਹੀ ਹੀ ਇੱਕ ਵਿਰਾਸਤੀ ਪੁਰਾਤਨ ਇਮਾਰਤ ਜ਼ਿਲ੍ਹਾ ਗੁਰਦਾਸਪੁਰ ਹੈਡਕੁਆਟਰ ਵਿਖੇ ਪੁਰਾਣੇ ਡੀਸੀ ਦਫਤਰ ਦੀ ਇਮਾਰਤ ਹੈ। ਵਿਰਾਸਤੀ ਦਿੱਖ ਵਾਲੀ ਇਹ ਇਮਾਰਤ ਅੰਗਰੇਜ਼ੀ ਸਾਸ਼ਨ ਕਾਲ ਦੀ ਨਿਸ਼ਾਨੀ ਹੈ ਤੇ ਪੌਣੇ ਦੋ ਸੌ ਸਾਲ ਪੁਰਾਣੀ ਹੈ। ਇਹ ਇਮਾਰਤ ਆਪਣੇ-ਆਪ ਵਿੱਚ ਹੀ ਲੰਬਾ ਇਤਿਹਾਸ ਸਮੋਈ ਬੈਠੀ ਹੈ। ਜਿਸ ਵਿੱਚ 1947 ਦੀ ਭਾਰਤ ਪਾਕਿ ਦੀ ਖੂਨੀ ਵੰਡ ਦੀ ਦਾਸਤਾਨ ਵੀ ਸ਼ਾਮਲ ਹੈ। ਕਰੀਬ 2 ਕਨਾਲ ਰਕਬੇ ਵਿੱਚ ਫੈਲੀ ਇਹ ਇਮਾਰਤ ਆਪਣੇ ਸਮੇਂ ਆਲੀਸ਼ਾਨ ਇਮਾਰਤ ਹੋਇਆ ਕਰਦੀ ਸੀ ਜੋ ਹੁਣ ਖੰਡਰ ਬਣ ਚੁੱਕੀ ਹੈ। ਇਸ ਪੁਰਾਣੇ ਡੀਸੀ ਦਫਤਰ ਦਾ ਇਤਿਹਾਸਕ ਪਿਛੋਕੜ ਕਾਫੀ ਦਿਲਚਸਪ ਹੈ। ਵਿਰਾਸਤੀ ਕਲਾਂ ਮੰਚ ਬਟਾਲਾ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਹਰਪੁਰਾ ਦੇ ਦੱਸਣ ਅਨੁਸਾਰ 1 ਅਪ੍ਰੈਲ 1849 ਨੂੰ ਅੰਗਰੇਜ਼ਾਂ ਵੱਲੋਂ ਪੰਜਾਬ ਦੀ ਧਰਤੀ 'ਤੇ ਆਪਣਾ ਕਬਜ਼ਾ ਕੀਤਾ ਗਿਆ। ਉਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਦਾ ਭੂਗੋਲਿਕ ਆਕਾਰ ਬਹੁਤ ਵਿਸ਼ਾਲ ਹੋਇਆ ਕਰਦਾ ਸੀ, ਜਿਸ ਵਿੱਚ ਪਾਕਿਸਤਾਨ ਦੀ ਮੌਜੂਦਾ ਸ਼ਕਰਗੜ੍ਹ ਤਹਿਸੀਲ, ਪਠਾਨਕੋਟ, ਡਲਹੌਜ਼ੀ ਤੱਕ ਦਾ ਹਿੱਸਾ ਸ਼ਾਮਲ ਸੀ। ਅੰਗਰੇਜ਼ਾਂ ਨੇ ਡੀਸੀ ਆਫਿਸ ਬਣਾਉਣ ਲਈ ਅਦੀਨਾਨਗਰ ਜੋ ਹੁਣ ਦੀਨਾਨਗਰ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਵਿਖੇ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਬਾਂਰਾਦਰੀ ਨੂੰ ਚੁਣਿਆ ਸੀ। ਕੁਝ ਸਮਾਂ ਇੱਥੇ ਡੀਸੀ ਦਫਤਰ ਚੱਲਦਾ ਰਿਹਾ ਪਰ ਜੁਲਾਈ ਅਗਸਤ ਦੌਰਾਨ ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਕਾਰਨ ਇਹ ਇਲਾਕਾ ਪਾਣੀ ਨਾਲ ਭਰ ਜਾਂਦਾ ਸੀ। ਇਕੱਤਰ ਜਾਣਕਾਰੀ ਅਨੁਸਾਰ ਇਤਿਹਾਸਕਾਰ ਪ੍ਰੋ. ਰਾਜ ਕੁਮਾਰ ਸ਼ਰਮਾ ਵਾਲੀ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਵੱਲੋਂ ਇਸ ਵਿਰਾਸਤੀ ਇਮਾਰਤ ਨੂੰ ਬਚਾਉਣ ਲਈ ਕਈ ਵਾਰ ਯਤਨ ਕੀਤੇ ਗਏ ਪਰ ਅਜੇ ਤੱਕ ਇਨ੍ਹਾਂ ਯਤਨਾਂ ਨੂੰ ਬੂਰ ਨਹੀਂ ਪਿਆ।ਜਾਣਕਾਰੀ ਅਨੁਸਾਰ ਕਰੀਬ ਇੱਕ ਸਾਲ ਪਹਿਲਾਂ ਵੀ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਵੱਲੋਂ ਸੱਭਿਆਚਾਰਕ ਤੇ ਪੁਰਾਤੱਤਵ ਮਾਮਲਿਆਂ ਦੇ ਵਿਭਾਗ ਤੇ ਪੰਜਾਬ ਟੂਰਿਜ਼ਮ ਐਂਡ ਹੈਰੀਟੇਜ ਬੋਰਡ ਨੂੰ ਪੱਤਰ ਲਿਖ ਕੇ ਪੁਰਾਣੇ ਡੀਸੀ ਦਫਤਰ ਦੇ ਨਵੀਨੀਕਰਨ ਦਾ ਪ੍ਰੋਜੈਕਟ ਭੇਜਿਆ ਪਰ ਇੱਕ ਸਾਲ ਬੀਤ ਜਾਣ ਉਪਰੰਤ ਵੀ ਇਸ ਬਜ਼ਟ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਜਿਸ ਕਾਰਨ ਡੀਸੀ ਦਫਤਰ ਦੀ ਇਹ ਇਮਾਰਤ ਦਮ ਤੋੜਦੀ ਨਜ਼ਰ ਆ ਰਹੀ ਹੈ।

ਰੂਪ ਚੰਦ ਲਾਟਰੀ ਵਾਲਿਆਂ ਦੀ ਦੁਕਾਨ ਤੋਂ ਖਰੀਦੀ ਟਿਕਟ ਰਾਹੀਂ ਬਾਘੇਵਾਲਾ ਦੇ ਕਿਸਾਨ ਨਿਰਮਲ ਸਿੰਘ ਬਰਾੜ ਨੂੰ ਨਿਕਲੀ 1 ਲੱਖ ਦੀ ਲਾਟਰੀ



ਫਾਜ਼ਿਲਕਾ, 8 ਮਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਦੇ ਪਿੰਡ ਬਾਘੇਵਾਲਾ ਦੇ ਨਿਵਾਸੀ ਨਿਰਮਲ ਸਿੰਘ ਬਰਾੜ ਦੀ ਕਿਸਮਤ ਅੱਜ ਉਸ ਸਮੇਂ ਚਮਕ ਉਠੀ ਜਦੋਂ ਉਨ੍ਹਾਂ ਵੱਲੋਂ ਖਰੀਦੀਆਂ ਗਈਆਂ ਲਾਟਰੀ ਟਿਕਟਾਂ 'ਤੇ 1 ਲੱਖ ਰੁਪਏ ਦਾ ਇਨਾਮ ਨਿਕਲਿਆ। ਪੇਸ਼ੇ ਤੋਂ ਕਿਸਾਨ ਨਿਰਮਲ ਸਿੰਘ ਨੇ ਸਥਾਨਕ ਰੂਪ ਚੰਦ ਲਾਟਰੀ ਸਟਾਲ ਤੋਂ 5205 ਨੰਬਰ ਦੀਆਂ ਕੁੱਲ 200 ਟਿਕਟਾਂ ਖਰੀਦੀਆਂ ਸਨ। ਸੁਖਦ ਸੰਯੋਗ ਇਹ ਰਿਹਾ ਕਿ ਇਨ੍ਹਾਂ ਸਾਰੀਆਂ ਟਿਕਟਾਂ 'ਤੇ ਇਨਾਮ ਘੋਸ਼ਿਤ ਹੋਇਆ, ਜਿਸ ਨਾਲ ਕੁੱਲ ਇਨਾਮੀ ਰਾਸ਼ੀ 1 ਲੱਖ ਰੁਪਏ ਤੱਕ ਪਹੁੰਚ ਗਈ। ਉਨ੍ਹਾਂ ਦੇ ਪਰਿਵਾਰ ਤੇ ਪਿੰਡ ਵਿੱਚ ਇਸ ਜਿੱਤ ਨੂੰ ਲੈ ਕੇ ਕਾਫੀ ਉਤਸ਼ਾਹ ਦੇਖਿਆ ਜਾ ਰਿਹਾ ਹੈ। ਜੇਤੂ ਨਿਰਮਲ ਸਿੰਘ ਬਰਾੜ ਨੇ ਆਪਣੀ ਜਿੱਤ ਦਾ ਜਸ਼ਨ ਸ਼ਹਿਰ ਦੇ ਮਸ਼ਹੂਰ ਰੂਪ ਚੰਦ ਲਾਟਰੀ ਸਟਾਲ 'ਤੇ ਮਨਾਇਆ। ਕਿਉਂਕਿ ਨਿਰਮਲ ਸਿੰਘ ਆਪਣੀ ਸਿਹਤ ਨੂੰ ਲੈ ਕੇ ਸੁਚੇਤ ਰਹਿੰਦੇ ਹਨ ਤੇ ਮਿੱਠੇ ਤੋਂ ਪਰਹੇਜ਼ ਕਰਦੇ ਹਨ, ਇਸ ਲਈ ਸਟਾਲ ਸੰਚਾਲਕ ਨੇ ਉਨ੍ਹਾਂ ਦੀ ਪਸੰਦ ਦਾ ਸਤਿਕਾਰ ਕਰਦੇ ਹੋਏ ਉਨ੍ਹਾਂ ਨੂੰ ਲਹੌਰੀ ਜ਼ੀਰਾ ਪਿਲਾ ਕੇ ਸਨਮਾਨਿਤ ਕੀਤਾ। ਸਟਾਲ ਸੰਚਾਲਕ ਨੇ ਦੱਸਿਆ ਕਿ ਇਹ ਉਨ੍ਹਾਂ ਲਈ ਖੁਸ਼ੀ ਦੀ ਗੱਲ ਹੈ ਕਿ ਉਨ੍ਹਾਂ ਦੇ ਇੱਥੋਂ ਲੱਖਾਂ ਤੇ ਕਰੋੜਾਂ ਰੁਪਏ ਦੇ ਇਨਾਮ ਨਿਕਲ ਚੁੱਕੇ ਹਨ।

ਨਗਰ ਕੌਂਸਲ ਚੋਣਾਂ ਨੂੰ ਲੈ ਕੇ ਭਾਜਪਾ ਵਰਕਰਾਂ 'ਚ ਉਤਸ਼ਾਹ: ਬਘੇਲ ਸਿੰਘ



ਗੁਰਦਾਸਪੁਰ, 8 ਮਈ (ਜਸਵਿੰਦਰ ਸਿੰਘ): ਗੁਰਦਾਸਪੁਰ ਵਿਖੇ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਇੱਕ ਮਹੱਤਵਪੂਰਨ ਮੀਟਿੰਗ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆਂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸੂਬਾ ਸਕੱਤਰ ਤੇ ਗੁਰਦਾਸਪੁਰ ਨਗਰ ਕੌਂਸਲ ਚੁਣਾਵ ਪ੍ਰਭਾਰੀ ਰਾਕੇਸ਼ ਸ਼ਰਮਾ ਤੇ ਸੂਬਾ ਸਕੱਤਰ ਸੂਰਜ ਭਾਰਦਵਾਜ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਚੋਣਾਂ ਨੂੰ ਲੈ ਕੇ ਚਰਚਾ ਕੀਤੀ ਗਈ ਤੇ ਚੋਣ ਲੜਨ ਵਾਲੇ ਚਾਹਵਾਨਾਂ ਨੂੰ ਆਪਣੀਆਂ ਅਰਜ਼ੀਆਂ ਮੰਡਲ ਪ੍ਰਧਾਨ ਨੂੰ ਦਿੱਤੀਆਂ ਜਾਣ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ ਬਾਹੀਆ ਨੇ ਕਿਹਾ ਕਿ ਨਗਰ ਕੌਂਸਲ ਚੋਣਾਂ ਨੂੰ ਦੇਖਦੇ ਹੋਏ ਕਾਰਜਕਰਤਾਵਾਂ ਵਿੱਚ ਕਾਫੀ ਜੋਸ਼ ਪਾਇਆ ਜਾ ਰਿਹਾ ਤੇ ਹਰ ਵਾਰਡ ਵਿੱਚ ਚੋਣ ਲੜਨ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵੱਧਦੀ ਜਾ ਰਹੀ ਹੈ ਤੇ ਚੋਣ ਲੜਨ ਵਾਲਿਆਂ ਵਿੱਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਭਾਜਪਾ ਦੇ ਸੀਨੀਅਰ ਰਾਕੇਸ਼ ਜੋਤੀ, ਜ਼ਿਲ੍ਹਾ ਜਨਰਲ ਸਕੱਤਰ ਵਿਕਾਸ ਗੁਪਤਾ, ਬੀਜੇਪੀ ਸੀਨੀਅਰ ਨੇਤਾ ਰਜਿੰਦਰ ਬਿੱਟਾ, ਸ਼ੋਸ਼ਲ ਮੀਡੀਆ ਸਹਿ-ਇੰਚਾਰਜ ਉਮੇਸ਼ਵਰ ਮਹਾਜਨ, ਜ਼ਿਲ੍ਹਾ ਸਕੱਤਰ ਪਰਵੀਨ ਸ਼ਰਮਾ, ਜ਼ਿਲ੍ਹਾ ਸਕੱਤਰ ਨੀਰਜ ਸ਼ਰਮਾ, ਜ਼ਿਲ੍ਹਾ ਮੀਡੀਆ ਇੰਚਾਰਜ ਅੰਕੁਸ਼ ਮਹਾਜਨ, ਮੰਡਲ ਪ੍ਰਧਾਨ ਰੋਹਿਤ ਮਹਾਜਨ, ਸ਼ਿਵ ਪ੍ਰਸਾਦ ਤੇ ਸ਼ਿਵ ਦੁੱਗਲ ਮੌਜੂਦ ਸਨ।

ਸੈਟੇਲਾਈਟ ਤਸਵੀਰਾਂ ਨੇ ਖੋਲ੍ਹੀ ਤਬਾਹੀ ਦੀ ਪੋਲ

ਈਰਾਨੀ ਹਮਲਿਆਂ 'ਚ 228 ਅਮਰੀਕੀ ਫੌਜੀ ਢਾਂਚੇ ਤਬਾਹ ਹੋਣ ਦਾ ਦਾਅਵਾ



ਵਾਸ਼ਿੰਗਟਨ, 8 ਮਈ (ਚ.ਨ.ਸ): ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ ਦੇ ਵਿਚਾਲੇ ਅਮਰੀਕੀ ਫੌਜੀ ਟਿਕਾਣਿਆਂ 'ਤੇ ਈਰਾਨੀ ਹਮਲਿਆਂ ਨੂੰ ਲੈ ਕੇ ਇੱਕ ਵੱਡਾ ਖੁਲਾਸਾ ਸਾਹਮਣੇ ਆਇਆ ਹੈ। ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਦੀ ਇੱਕ ਜਾਂਚ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਈਰਾਨ ਨੇ ਅਮਰੀਕੀ ਫੌਜੀ ਟਿਕਾਣਿਆਂ ਨੂੰ ਜਿੰਨਾ ਨੁਕਸਾਨ ਪਹੁੰਚਾਇਆ, ਉਸ ਦੀ ਅਸਲ ਤਸਵੀਰ ਹੁਣ ਤੱਕ ਦੁਨੀਆਂ ਤੋਂ ਛਿਪੀ ਰਹੀ। ਰਿਪੋਰਟ ਦੇ ਮੁਤਾਬਿਕ ਈਰਾਨੀ ਹਮਲਿਆਂ ਵਿੱਚ ਘੱਟੋ-ਘੱਟ 228 ਫੌਜੀ ਢਾਂਚੇ ਤਬਾਹ ਜਾਂ ਨੁਕਸਾਨੇ ਗਏ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਈਰਾਨੀ ਮੀਡੀਆ ਵੱਲੋਂ ਜਾਰੀ 100 ਤੋਂ ਵੱਧ ਸੈਟੇਲਾਈਟ ਤਸਵੀਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਨ੍ਹਾਂ 'ਚੋਂ 109 ਤਸਵੀਰਾਂ ਨੂੰ ਯੂਰਪੀਅਨ ਯੂਨੀਅਨ ਦੇ ਕੋਪਰਨਿਕਸ ਸੈਟੇਲਾਈਟ ਸਿਸਟਮ ਦੀਆਂ ਤਸਵੀਰਾਂ ਨਾਲ ਮਿਲਾ ਕੇ ਤਸਦੀਕ ਕੀਤਾ ਗਿਆ। ਇਨ੍ਹਾਂ ਤਸਵੀਰਾਂ ਵਿੱਚ ਅਮਰੀਕੀ ਫੌਜੀ ਅੱਡਿਆਂ 'ਤੇ ਹੈਂਗਰ, ਬੈਰਕ, ਫਿਊਲ ਡਿਪੂ, ਏਅਰ ਡਿਫੈਂਸ ਸਿਸਟਮ, ਕਮਿਊਨੀਕੇਸ਼ਨ ਨੈਟਵਰਕ ਤੇ ਰਾਡਾਰ ਸਿਸਟਮ ਨੂੰ ਭਾਰੀ ਨੁਕਸਾਨ ਦਿਖਾਈ ਦਿੱਤਾ।ਕਈ ਅਮਰੀਕੀ ਬੇਸ ਅਸੁਰੱਖਿਅਤ ਐਲਾਨੇ: ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਰਿਪੋਰਟ ਵਿੱਚ ਦੱਸਿਆ ਗਿਆ ਕਿ ਈਰਾਨੀ ਹਮਲਿਆਂ ਤੋਂ ਬਾਅਦ ਖੇਤਰ ਦੇ ਕਈ ਅਮਰੀਕੀ ਬੇਸ ਇੰਨੇ ਅਸੁਰੱਖਿਅਤ ਹੋ ਗਏ ਕਿ ਉਥੇ ਆਮ ਪੱਧਰ 'ਤੇ ਫੌਜੀਆਂ ਦੀ ਤਾਇਨਾਤੀ ਸੰਭਵ ਨਹੀਂ ਰਹੀ। ਸਥਿਤੀ ਇੰਨੀ ਗੰਭੀਰ ਦੱਸੀ ਗਈ ਕਿ ਅਮਰੀਕੀ ਕਮਾਂਡਰਾਂ ਨੇ ਕਈ ਟਿਕਾਣਿਆਂ ਤੋਂ ਫੌਜੀਆਂ ਤੇ ਸਟਾਫ ਨੂੰ ਹਟਾ ਕੇ ਸੁਰੱਖਿਅਤ ਖੇਤਰਾਂ ਵਿੱਚ ਭੇਜ ਦਿੱਤਾ।ਕੁਵੈਤ ਤੋਂ ਇਰਾਕ ਤੱਕ ਅਮਰੀਕੀ ਟਿਕਾਣਿਆਂ 'ਤੇ ਅਸਰ: ਰਿਪੋਰਟ ਦੇ ਅਨੁਸਾਰ ਕੁਵੈਤ, ਬਹਿਰੀਨ, ਯੂ.ਏ.ਈ., ਸਾਊਦੀ ਅਰਬ, ਜਾਰਡਨ ਤੇ ਇਰਾਕ ਸਮੇਤ ਘੱਟੋ-ਘੱਟ 16 ਅਮਰੀਕੀ ਫੌਜੀ ਟਿਕਾਣੇ ਹਮਲਿਆਂ ਦੀ ਲਪੇਟ ਵਿੱਚ ਆਏ। ਕੁਝ ਟਿਕਾਣਿਆਂ ਨੂੰ ਇੰਨਾ ਨੁਕਸਾਨ ਪਹੁੰਚਿਆ ਕਿ ਉਹ ਅਸਥਾਈ ਰੂਪ ਵਿੱਚ ਵਰਤੋਂ ਦੇ ਯੋਗ ਨਹੀਂ ਰਹੇ। ਸੀ.ਐਨ.ਐਨ. ਦੀ ਹਾਲੀਆ ਜਾਂਚ ਵਿੱਚ ਵੀ ਦਾਅਵਾ ਕੀਤਾ ਗਿਆ ਸੀ ਕਿ ਕਈ ਅਮਰੀਕੀ ਬੇਸ ਗੰਭੀਰ ਰੂਪ ਵਿੱਚ ਪ੍ਰਭਾਵਿਤ ਹੋਏ ਹਨ।

ਕਰੂਜ਼ 'ਤੇ ਮੌਤ ਤੋਂ ਬਾਅਦ ਦਰਜਨਾਂ ਯਾਤਰੀ ਹੋਏ 'ਲਾਪਤਾ'

☛ਬਿਨਾਂ ਸੰਪਰਕ ਟ੍ਰੇਸਿੰਗ ਜਹਾਜ਼ ਛੱਡਣ ਨਾਲ ਦੁਨੀਆਂ ਭਰ 'ਚ ਦਹਿਸ਼ਤ



ਦਿ ਹੇਗ, 8 ਮਈ (ਚ.ਨ.ਸ): ਜਹਾਜ਼ ਦੇ ਆਪ੍ਰੇਟਰਾਂ ਤੇ ਡੱਚ ਅਧਿਕਾਰੀਆਂ ਨੇ ਦੱਸਿਆ ਕਿ ਖ਼ਤਰਨਾਕ ਹੰਟਾ ਵਾਇਰਸ ਦੇ ਪ੍ਰਕੋਪ ਕਾਰਨ ਕਰੂਜ਼ ਤੋਂ ਦਰਜਨਾਂ ਯਾਤਰੀ 24 ਅਪ੍ਰੈਲ ਨੂੰ ਬਿਨਾਂ ਸੰਪਰਕ ਕੀਤੇ ਜਹਾਜ਼ ਛੱਡ ਗਏ ਸਨ। ਇਹ ਘਟਨਾ ਜਹਾਜ਼ 'ਤੇ ਹੰਟਾ ਵਾਇਰਸ ਕਾਰਨ ਪਹਿਲੇ ਯਾਤਰੀ ਦੀ ਹੋਈ ਮੌਤ ਦੇ ਲਗਭਗ ਦੋ ਹਫ਼ਤਿਆਂ ਬਾਅਦ ਵਾਪਰੀ ਹੈ। ਕੰਪਨੀ ਨੇ ਪਹਿਲਾਂ ਕਿਹਾ ਸੀ ਕਿ 11 ਅਪ੍ਰੈਲ ਨੂੰ ਮਰੇ ਹੋਏ ਡੱਚ ਵਿਅਕਤੀ ਦੀ ਲਾਸ਼ ਦੂਰ ਦੱਖਣੀ ਅਟਲਾਂਟਿਕ ਟਾਪੂ ਸੇਂਟ ਹੇਲੇਨਾ 'ਤੇ ਜਹਾਜ਼ ਤੋਂ ਉਤਾਰੀ ਗਈ ਸੀ, ਜਿੱਥੇ ਉਸ ਦੀ ਪਤਨੀ ਵੀ ਉਤਰੀ ਸੀ। ਇਸ ਤੋਂ ਬਾਅਦ ਉਹ ਔਰਤ ਦੱਖਣੀ ਅਫ਼ਰੀਕਾ ਲਈ ਰਵਾਨਾ ਹੋਈ ਤੇ ਉਥੇ ਹੀ ਉਸ ਦੀ ਮੌਤ ਹੋ ਗਈ। ਵੀਰਵਾਰ ਨੂੰ ਕਿਹਾ ਗਿਆ ਕਿ 29 ਯਾਤਰੀਆਂ ਨੇ ਜਹਾਜ਼ ਛੱਡਿਆ, ਜਦਕਿ ਦੂਜੇ ਪਾਸੇ ਡੱਚ ਵਿਦੇਸ਼ ਮੰਤਰਾਲੇ ਨੇ ਇਹ ਗਿਣਤੀ ਲਗਭਗ 40 ਦੱਸੀ ਹੈ। ਡੱਚ ਕੰਪਨੀ ਨੇ ਪਹਿਲਾਂ ਇਹ ਸਵੀਕਾਰ ਨਹੀਂ ਕੀਤਾ ਸੀ ਕਿ ਉਸ ਸਮੇਂ ਦਰਜਨਾਂ ਹੋਰ ਲੋਕ ਜਹਾਜ਼ ਤੋਂ ਉਤਰ ਗਏ ਸਨ। ਓਸ਼ਨਵਾਈਡ ਐਕਸਪੀਡੀਸ਼ੰਜ਼ ਨੇ ਕਿਹਾ ਹੈ ਕਿ ਆਪਣੇ-ਆਪਣੇ ਦੇਸ਼ਾਂ ਨੂੰ ਵਾਪਸ ਜਾਣ ਵਾਲੇ ਲੋਕਾਂ ਕੋਲ 12 ਵੱਖ-ਵੱਖ ਦੇਸ਼ਾਂ ਦੀ ਨਾਗਰਿਕਤਾ ਸੀ। ਦੱਸਿਆ ਗਿਆ ਹੈ ਕਿ ਦੱਖਣੀ ਅਫਰੀਕਾ ਤੇ ਯੂਰਪ ਦੇ ਅਧਿਕਾਰੀ ਜਹਾਜ਼ ਤੋਂ ਉਤਰੇ

ਵਿਜੇ ਦੱਤ, ਮੈਂਬਰ ਪੰਜਾਬ ਰਾਜ ਖੁਰਾਕ ਕਮਿਸ਼ਨ ਵੱਲੋਂ ਅਚਨਚੇਤ ਚੈਕਿੰਗ

ਐਸ.ਬੀ.ਐਸ. ਨਗਰ, 8 ਮਈ (ਸੁਖਦੇਵ ਸਿੰਘ ਉੜਾਪੜ): ਵਿਜੇ ਦੱਤ, ਮੈਂਬਰ ਪੰਜਾਬ ਰਾਜ ਖੁਰਾਕ ਕਮਿਸ਼ਨ ਨੇ ਅੱਜ ਜ਼ਿਲ੍ਹਾ ਐਸ.ਬੀ.ਐਸ. ਨਗਰ ਦੇ ਬਲਾਕ ਬਲਾਚੌਰ ਅਧੀਨ ਪੈਂਦੇ ਪਿੰਡ ਕਿਸ਼ਨਪੁਰ, ਪਿੰਡ ਬਛੂਆ ਅਤੇ ਪਿੰਡ ਭਰਥਲਾ ਵਿੱਚ ਪ੍ਰਾਇਮਰੀ ਸਕੂਲਾਂ



ਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕੀਤਾ। ਦੌਰੇ ਦੌਰਾਨ, ਉਨ੍ਹਾਂ ਨੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨ. ਐਫ.ਐਸ.ਏ.) 2013 ਅਧੀਨ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੇ ਜ਼ਮੀਨੀ ਪੱਧਰ 'ਤੇ ਲਾਗੂਕਰਨ ਦਾ ਜਾਇਜ਼ਾ ਲਿਆ। ਨਿਰੀਖਣ ਦੌਰਾਨ, ਵਿਜੇ ਦੱਤ ਨੇ ਮਿਡ-ਡੇਅ ਮੀਲ ਪ੍ਰਬੰਧਾਂ, ਬੱਚਿਆਂ ਨੂੰ ਦਿੱਤੇ ਜਾ ਰਹੇ ਭੋਜਨ ਦੀ ਗੁਣਵੱਤਾ, ਸਫ਼ਾਈ ਤੇ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਦੀ ਜਾਂਚ ਕੀਤੀ। ਉਨ੍ਹਾਂ ਸਬੰਧਤ ਅਧਿਕਾਰੀਆਂ ਅਤੇ ਸਟਾਫ਼ ਨੂੰ ਹਦਾਇਤ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਬੱਚਿਆਂ ਨੂੰ ਸਾਫ਼, ਪੌਸ਼ਟਿਕ ਅਤੇ ਗੁਣਵੱਤਾ ਵਾਲਾ ਭੋਜਨ ਮੁਹੱਈਆ ਕਰਵਾਇਆ ਜਾਵੇ ਅਤੇ ਸਾਰੇ ਨਿਰਧਾਰਤ ਨਿਯਮਾਂ ਤੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ "ਰਸੋਈ ਗਾਰਡਨ" ਦੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਤਾਂ ਜੋ ਬੱਚਿਆਂ ਨੂੰ ਤਾਜ਼ੀਆਂ ਅਤੇ ਪੌਸ਼ਟਿਕ ਸਬਜ਼ੀਆਂ ਉਪਲਬਧ ਕਰਵਾਈਆਂ ਜਾ ਸਕਣ। ਉਨ੍ਹਾਂ ਮਿਡ-ਡੇਅ ਮੀਲ ਕੁੱਕ ਸਟਾਫ਼ ਨੂੰ ਵੀ ਹਦਾਇਤ ਕੀਤੀ ਕਿ ਉਹ ਖਾਣਾ ਬਣਾਉਂਦੇ ਸਮੇਂ ਸਹੀ ਸਫਾਈ ਬਣਾਈ ਰੱਖਣ ਅਤੇ ਸਾਰੇ ਸਿਹਤ ਤੇ ਸੁਰੱਖਿਆ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਕਰਨ।

ਵਿਜੇ ਦੱਤ ਨੇ ਅਧਿਕਾਰੀਆਂ ਨੂੰ ਪੀਣ ਵਾਲੇ ਪਾਣੀ ਦੀ ਨਿਯਮਤ ਟੀਡੀਐਸ ਟੈਸਟਿੰਗ ਨੂੰ ਯਕੀਨੀ ਬਣਾਉਣ ਅਤੇ ਭੋਜਨ ਸੁਆਦ ਰਜਿਸਟਰ ਨੂੰ ਸਹੀ ਢੰਗ ਨਾਲ ਬਣਾਈ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਵਿਦਿਆਰਥੀਆਂ ਅਤੇ ਮਿਡ-ਡੇਅ ਮੀਲ ਕੁੱਕ ਦੋਵਾਂ ਦੀ ਨਿਯਮਤ ਸਿਹਤ ਜਾਂਚ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਦੌਰੇ ਦੌਰਾਨ, ਵਿਜੇ ਦੱਤ ਨੇ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਖਾਣਾ ਵੀ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਖੁਰਾਕ ਕਮਿਸ਼ਨ ਬੱਚਿਆਂ ਲਈ ਸੁਰੱਖਿਅਤ, ਸਾਫ਼-ਸੁਥਰਾ ਅਤੇ ਪੌਸ਼ਟਿਕ ਭੋਜਨ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਉਨ੍ਹਾਂ ਸਪੱਸ਼ਟ ਤੌਰ 'ਤੇ ਚੇਤਾਵਨੀ ਦਿੱਤੀ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ) 2013 ਅਤੇ ਸੰਬੰਧਿਤ ਭਲਾਈ ਸਕੀਮਾਂ ਨੂੰ ਲਾਗੂ ਕਰਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਅਤੇ ਜ਼ਿੰਮੇਵਾਰ ਪਾਏ ਜਾਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਐਨਐਫਐਸਏ 2013 ਜਾਂ ਸੰਬੰਧਿਤ ਸਕੀਮਾਂ ਬਾਰੇ ਕੋਈ ਸ਼ਿਕਾਇਤ ਜਾਂ ਸ਼ਿਕਾਇਤ ਹੈ, ਤਾਂ ਉਹ ਆਪਣੀ ਸ਼ਿਕਾਇਤ ਪੰਜਾਬ ਰਾਜ ਖੁਰਾਕ ਕਮਿਸ਼ਨ ਹੈਲਪਲਾਈਨ ਨੰਬਰ: **9876764545** 'ਤੇ ਦਰਜ ਕਰਵਾ ਸਕਦੇ ਹਨ।

ਸਫਾਈ ਸੇਵਕਾਂ ਦੀ ਹੱਕੀ ਮੰਗਾਂ ਦਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਮਰਥਨ : ਖਡਿਆਲ

ਸੁਨਾਮ ਊਧਮ ਸਿੰਘ ਵਾਲਾ, 8 ਮਈ (ਰਾਓਵਿੰਦਰ ਸਿੰਘ ਮਠਾੜੂ/ ਮੋਹਣ ਸ਼ਰਮਾ): ਨਗਰ ਕੌਂਸਲ ਸੁਨਾਮ ਵਿਖੇ ਮਿਉਂਸਪਲ ਮੁਲਾਜਮ ਐਕਸਨ



ਕਮੇਟੀ ਅਤੇ ਸਫਾਈ ਸੇਵਕ ਯੂਨੀਅਨ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਕੀਤੀ ਜਾ ਰਹੀ ਅਣਮਿੱਥੇ ਸਮੇਂ ਦੀ ਕੰਮ-ਛੋੜ ਹੜਤਾਲ ਦੌਰਾਨ ਅੱਜ ਸ਼੍ਰੋਮਣੀ ਅਕਾਲੀ ਦਲ ਹਲਕਾ ਸੁਨਾਮ ਦੇ ਇੰਚਾਰਜ ਵਿਨਰਜੀਤ ਸਿੰਘ ਖਡਿਆਲ ਨੇ ਹੜਤਾਲ 'ਤੇ ਬੈਠੇ ਮੁਲਾਜ਼ਮਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਣਾ ਚਾਹੀਦਾ ਹੈ। ਖਡਿਆਲ ਨੇ ਕਿਹਾ ਕਿ ਅੱਜ ਤੋਂ ਕਰੀਬ 9 ਸਾਲ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ 2017 ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਸੀ ਪਰ ਕਾਂਗਰਸ ਪਾਰਟੀ ਅਤੇ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਲੰਬੇ ਸਮੇਂ ਬੀਤ ਜਾਣ ਦੇ ਬਾਵਜੂਦ ਵੀ ਇਹਨਾਂ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮਾਣਯੋਗ ਹਾਈਕੋਰਟ ਵੱਲੋਂ ਵੀ ਇਹਨਾਂ ਮੁਲਾਜ਼ਮਾਂ ਨੂੰ 6 ਹਫ਼ਤਿਆਂ ਦੇ ਅੰਦਰ ਸਰਵਿਸ ਬੁੱਕ ਲਗਾ ਕੇ ਪੱਕੇ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ ਪਰ ਅੱਜ 7 ਮਹੀਨੇ ਬੀਤ ਜਾਣ ਦੇ ਬਾਵਜੂਦ ਸਰਕਾਰ ਨੇ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਹੀਂ ਕੀਤੀ।

ਉਨ੍ਹਾਂ ਕਿਹਾ ਕਿ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਠੇਕੇਦਾਰੀ ਪ੍ਰਥਾ ਖਤਮ ਕਰਨਾ ਅਤੇ ਤਨਖਾਹਾਂ ਵਿੱਚ ਵਾਧਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸ਼੍ਰੋਮਣੀ ਅਕਾਲੀ ਦਲ ਇਹਨਾਂ ਦੇ ਹੱਕਾਂ ਲਈ ਸਰਕਾਰ ਖ਼ਿਲਾਫ਼ ਡੱਟ ਕੇ ਲੜਾਈ ਲੜੇਗਾ। ਖਡਿਆਲ ਨੇ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਇਹਨਾਂ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ ਤੇ ਉਨ੍ਹਾਂ ਦੀ ਪੁਰਾਣੀ ਪੈਨਸ਼ਨ ਵੀ ਬਹਾਲ ਕੀਤੀ ਜਾਵੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਯੂਨੀਅਨ ਆਗੂ ਅਤੇ ਸਫਾਈ ਸੇਵਕ ਹਾਜ਼ਰ ਸਨ।

ਭਾਜਪਾ ਦੇ ਸਾਬਕਾ ਮੰਡਲ ਪ੍ਰਧਾਨ ਨਵਨੀਤ ਵਿੱਜ ਆਪਣੇ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ



ਧਾਰੀਵਾਲ, 8 ਮਈ (ਅਸ਼ੋਕ ਕੁਮਾਰ): ਕਾਦੀਆਂ ਵਿਧਾਨ ਸਭਾ ਹਲਕਾ ਦੇ ਇੰਚਾਰਜ, ਜਗਰੂਪ ਸਿੰਘ ਸੇਖਵਾਂ ਦੀਆਂ ਵਿਕਾਸ ਅਤੇ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਦੇ ਸਾਬਕਾ ਮੰਡਲ ਪ੍ਰਧਾਨ ਨਵਨੀਤ ਵਿੱਜ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ। ਇਸ ਮੌਕੇ ਸਵਰਨ ਸਲਾਰੀਆ ਵੀ ਉਚੇਚੇ ਤੌਰ 'ਤੇ ਮੌਜੂਦ ਸਨ।ਜਗਰੂਪ ਸਿੰਘ ਸੇਖਵਾਂ ਨੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਲੋਕਾਂ ਦਾ ਵਧਦਾ ਵਿਸ਼ਵਾਸ ਸੂਬੇ 'ਚ ਆਮ ਆਦਮੀ ਪਾਰਟੀ ਦੀ ਮਜ਼ਬੂਤ ਹੋ ਰਹੀ ਨੀਤੀਆਂ ਤੇ ਲੋਕਪੱਖੀ ਕਾਰਜਾਂ ਦੀ ਗਵਾਹੀ ਭਰਦਾ ਹੈ, ਜਿਸ ਸਦਕਾ ਆਪ ਪਰਿਵਾਰ ਦਾ ਕਾਫ਼ਲਾ ਦਿਨੋ ਦਿਨ ਵੱਧ ਰਿਹਾ ਹੈ।

ਗੱਲਬਾਤ ਦੌਰਾਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ, ਲੋਕਾਂ ਦੇ ਸਰਬਪੱਖੀ ਵਿਕਾਸ ਤੇ ਭਲਾਈ ਸਕੀਮਾਂ ਦਾ ਲਾਭ ਪਾਰਦਰਸ਼ੀ ਢੰਗ ਨਾਲ ਦੇਣ ਲਈ ਵਚਨਬੱਧ ਹੈ। ਉਨ੍ਹਾਂ ਪੰਜਾਬ ਸਰਕਾਰ ਵਲੋਂ ਮਹਿਜ 4 ਸਾਲਾਂ ਦੇ ਅੰਦਰ ਲਏ ਵੱਡੇ ਇਤਿਹਾਸਕ ਫੈਸਲਿਆਂ ਦੀ ਗੱਲ ਕਰਦਿਆਂ ਦੱਸਿਆ ਕਿ ਸਿੱਖਿਆ ਦਾ ਮਿਆਰ ਹੋ ਉੱਚਾ ਚੁੱਕਣ ਲਈ ਸਕੂਲ ਆਫ ਐਮੀਨੈਂਸ ਖੋਲੇ ਗਏ, ਸਿੱਖਿਆ ਦੇ ਖੇਤਰ 'ਚ ਹੋ ਸੁਧਾਰ ਦੇ ਮੰਤਵ ਨਾਲ ਅਧਿਆਪਕਾਂ ਨੂੰ ਸਿੰਘਾਪੁਰ ਵਿਖੇ ਭੇਜਿਆ। ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲ੍ਹੇ, 600 ਯੂਨਿਟ ਬਿਜਲੀ ਦੇ ਬਿੱਲ ਮਾਫ ਕੀਤੇ, ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ ਸ਼ੁਰੂ ਕੀਤੀ, 10 ਲੱਖ ਰੁਪਏ ਤੱਕ ਇਲਾਜ ਕਰਵਾਉਣ ਲਈ ਸਿਹਤ ਯੋਜਨਾ ਲਾਗੂ ਕੀਤੀ, ਔਰਤਾਂ ਨੂੰ ਮੁਫਤ ਬੱਸ ਦੀ ਸਹੂਲਤ, ਕਿਰਤੀਆਂ ਦੇ ਹਿੱਤ ਲਈ ਵੱਡੇ ਫੈਸਲੇ, ਕਿਸਾਨਾਂ ਨੂੰ ਬੇਮੌਸਮੀ ਬਰਸਾਤ ਕਾਰਨ ਖਰਾਬ ਹੋਈ ਫਸਲ ਦਾ ਖਰਾਬਾ ਦੇਣ ਸਮੇਤ ਜ਼ਿਕਰਯੋਗ ਫੈਸਲੇ ਲਏ ਗਏ ਹਨ। ਕਾਦੀਆਂ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਹਲਕੇ ਅੰਦਰ ਵੱਖ-ਵੱਖ ਵਿਕਾਸ ਕੰਮ ਕਰਵਾਏ ਜਾ ਚੁੱਕੇ ਹਨ ਤੇ ਕਈ ਵਿਕਾਸ ਕੰਮ ਪ੍ਰਗਤੀ ਅਧੀਨ ਹਨ।ਉਨਾਂ ਦੁਹਰਾਇਆ ਕਿ ਹਲਕੇ ਦਾ ਚਹੁਪੱਖੀ ਵਿਕਾਸ ਕੰਮ ਕਰਵਾਉਣ 'ਚ ਕੋਈ ਕਮੀਂ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਪ੍ਰਧਾਨ ਅਸ਼ਵਨੀ ਦੁੱਗਲ, ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਤੋਂ ਇਲਾਵਾ ਹੋਰ ਹਾਜ਼ਰ ਮਜੂਦ ਸਨ।

ਦੂਨ ਇੰਟਰਨੈਸ਼ਨਲ ਸਕੂਲ 'ਚ ਮਦਰਜ਼ ਐਂਡ ਫਾਦਰਜ਼ ਡੇਅ ਮਨਾਇਆ



ਗੁਰਦਾਸਪੁਰ, 8 ਮਈ (ਜਸਵਿੰਦਰ ਸਿੰਘ): ਦੂਨ ਇੰਟਰਨੈਸ਼ਨਲ ਸਕੂਲ, ਗੁਰਦਾਸਪੁਰ 'ਚ ਮਦਰਜ਼ ਡੇਅ ਤੇ ਫਾਦਰਜ਼ ਡੇਅ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ, ਜਿੱਥੇ ਨਰਸਰੀ, ਐਲ.ਕੇ.ਜੀ ਤੇ ਯੂ.ਕੇ.ਜੀ ਜਮਾਤਾਂ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਲਈ ਰੰਗਾਰੰਗ ਪ੍ਰੋਗਰਾਮ, ਕਲਾ ਪ੍ਰਦਰਸ਼ਨੀਆਂ ਤੇ ਖੇਡ ਮੁਕਾਬਲੇ ਆਯੋਜਿਤ ਕੀਤੇ ਗਏ ਇਸ ਯਾਦਗਾਰੀ ਮੌਕੇ 'ਤੇ ਐਸ.ਡੀ. ਐਮ ਗੁਰਦਾਸਪੁਰ ਡਾਕਟਰ ਅਨੁਪਰੀਤ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਸਕੂਲ ਦੀ ਚੇਅਰਮੈਨ ਸ਼੍ਰੀਮਤੀ ਪਰਮਜੀਤ ਕੌਰ, ਡਾਇਰੈਕਟਰ ਸਰਦਾਰ ਗਗਨਦੀਪ ਸਿੰਘ, ਡਾ. ਮਨਦੀਪ ਕੌਰ ਤੇ ਪ੍ਰਿੰਸੀਪਲ ਊਸ਼ਾ ਸ਼ਰਮਾ ਨੇ ਬੱਚਿਆਂ ਤੇ ਮਾਪਿਆਂ ਨੂੰ ਮਦਰਜ਼ ਡੇਅ ਤੇ ਫਾਦਰਜ਼ ਡੇਅ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਬੱਚਿਆਂ ਨੇ ਆਪਣੇ ਮਾਪਿਆਂ ਨਾਲ ਗੀਤਾਂ ਉੱਤੇ ਮਨਮੋਹਕ ਨਾਚ ਪੇਸ਼ ਕਰਕੇ ਇਸ ਦਿਨ ਨੂੰ ਯਾਦਗਾਰੀ ਬਣਾਇਆ ਵਿਸ਼ੇਸ਼ ਗਤੀਵਿਧੀਆਂ ਦੇ ਤਹਿਤ ਸਕੂਲ 'ਚ "ਰੈਂਪ ਵਾਕ ਆਫ ਫਾਦਰਜ਼", "ਟਗ ਆਫ ਵਾਰ ਆਫ ਫਾਦਰਜ਼", ਫੁੱਲ ਸਜਾਵਟ, ਬੈਸਟ ਆਊਟ ਆਫ ਵੇਸਟ ਤੇ ਮਾਤਾਵਾਂ ਲਈ ਪੇਪਰ ਕੁਇਲਿੰਗ ਵਰਗੇ ਕਈ ਖੇਡ ਤੇ ਰਚਨਾਤਮਕ ਮੁਕਾਬਲੇ ਕਰਵਾਏ ਗਏ ਇਸ ਦੌਰਾਨ ਸਕੂਲ ਵੱਲੋਂ ਮਾਵਾਂ ਨੂੰ ਸਨਮਾਨਿਤ ਵੀ ਕੀਤਾ ਗਿਆ ਮਾਂ ਨੂੰ ਧਰਤੀ 'ਤੇ ਰੱਬ ਦਾ ਰੂਪ ਦੱਸਦਿਆਂ ਬੱਚਿਆਂ ਨੂੰ ਮਾਪਿਆਂ ਦਾ ਸਤਿਕਾਰ ਕਰਨ ਦਾ ਸੰਦੇਸ਼ ਦਿੱਤਾ ਗਿਆ ਆਏ ਹੋਏ ਮਾਪਿਆਂ ਦੀ ਰਿਫਰੈਸ਼ਮੈਂਟ ਲਈ ਸਕੂਲ ਦੀ ਬਾਰਹਵੀਂ ਜਮਾਤ ਦੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਕਾਫੀ, ਸੈਂਡਵਿਚ, ਫਰੂਟ ਚਾਟ ਆਦਿ ਦਾ ਵੀ ਸੁਚੱਜਾ ਬੰਦੋਬਸਤ ਕੀਤਾ ਗਿਆ।

ਵਿਧਾਇਕ ਰਾਜਾ ਨੇ ਸੁਣੀਆਂ ਦੁਕਾਨਦਾਰਾਂ ਦੀਆਂ ਸਮੱਸਿਆਂਵਾਂ

ਟਾਂਡਾ ਉੜਮੁੜ, 8 ਮਈ (ਅਰਜੁਨ ਜੈਨ): ਟਾਂਡਾ ਸ਼ਹਿਰ ਦੇ ਦੁਕਾਨਦਾਰਾਂ ਨੂੰ ਕੋਈ ਵੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਤੇ ਜੇਕਰ ਦੁਕਾਨਦਾਰ ਭਰਾਵਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਤਾਂ ਤੁਰੰਤ ਉਹ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤਾਂ ਜੋ ਉਸਦਾ ਸਮਾਧਾਨ ਹੋ ਸਕੇ , ਇੰਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਗਿੱਲ ਨੇ ਸ਼ਹਿਰ ਦੀ ਰਮਲੀਲਾ ਗਰਾਊਂਡ ਨੇੜੇ ਟਾਂਡਾ ਸ਼ਹਿਰ ਦੇ ਵਪਾਰੀਆਂ ਤੇ ਦੁਕਾਨਦਾਰਾਂ ਨਾਲ ਕੀਤੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸਡੀਐਮ ਟਾਂਡਾ ਲਵਪ੍ਰੀਤ ਸਿੰਘ ਔਲਖ, ਡੀਐਸਪੀ ਟਾਂਡਾ ਸੁਖਪਾਲ ਸਿੰਘ, ਐਸਐਚਓ ਟਾਂਡਾ ਗੁਰਿੰਦਰਜੀਤ ਸਿੰਘ ਨਾਗਰਾ, ਕਾਰਜ ਸਾਧਕ ਅਫਸਰ ਟਾਂਡਾ ਰਾਮ ਪ੍ਰਕਾਸ਼, ਐਸਡੀਓ ਬਿਜਲੀ ਬੋਰਡ ਟਾਂਡਾ ਤੇ ਆਪ ਆਗੂ ਹਰਮੀਤ ਸਿੰਘ ਔਲਖ ਵੀ ਹਾਜ਼ਰ ਸਨ। ਇਸ ਮੌਕੇ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਪੇਸ਼ ਆ ਰਹੀਆਂ ਸਮੱਸਿਆਂਵਾਂ ਸੁਣਨ ਤੋਂ ਬਾਅਦ ਵਿਧਾਇਕ ਰਾਜਾ ਗਿੱਲ ਨੇ ਜ਼ਿਆਦਾਤਰ ਸਮੱਸਿਆਵਾਂ ਦਾ ਮੌਕੇ ਤੇ ਸਮਾਧਾਨ ਕਰ ਦਿੱਤਾ ਜਦਕਿ



9 ਸਮੱਸਿਆਵਾਂ ਦੱਸੀਆਂ ਸਨ ਜਿਨ੍ਹਾਂ ਵਿੱਚੋਂ 5 ਸਮੱਸਿਆਵਾਂ ਦਾ ਹੱਲ ਕੀਤਾ ਜਾ ਚੁੱਕਾ ਹੈ ਬਾਕੀ 4 ਪ੍ਰਸ਼ਾਸਨਨਿਕ ਤੌਰ ਤੇ ਜਲਦੀ ਮੁੱਖ ਸਮੱਸਿਆਵਾਂ ਸ਼ਹਿਰ ਵਿੱਚ ਟ੍ਰੈਫਿਕ ਜਾਮ ਸਬੰਧੀ ਉਨ੍ਹਾਂ ਐਸਡੀਐਮ ਟਾਂਡਾ ਲਵਪ੍ਰੀਤ ਸਿੰਘ ਔਲਖ ਤੇ ਡੀਐਸਪੀ ਟਾਂਡਾ ਸੁਖਪਾਲ ਸਿੰਘ ਨੂੰ ਜਲਦੀ ਤੋਂ ਜਲਦੀ ਸਮਾਧਾਨ ਕਰਨ ਲਈ ਨਿਰਦੇਸ਼ ਦਿੱਤੇ। ਵਿਧਾਇਕ ਰਾਜਾ ਨੇ ਦੱਸਿਆ ਕਿ ਪਿਛਲੇ ਮਹੀਨੇ ਵੀ ਸ਼ਹਿਰ ਦੇ ਦੁਕਾਨਦਾਰਾਂ ਨਾਲ ਲੋਕ ਮਿਲਣੀ ਕੀਤੀ ਸੀ ਤਾਂ ਉੱਨਾਂ ਕਰੀਬ ਹੱਲ ਕਰ ਦਿੱਤੀਆਂ ਜਾਣਗੀਆਂ । ਇਸ ਮੌਕੇ ਐਸਡੀਐਮ ਟਾਂਡਾ ਲਵਪ੍ਰੀਤ ਸਿੰਘ ਔਲਖ ਤੇ ਡੀਐਸਪੀ ਟਾਂਡਾ ਸੁਖਪਾਲ ਸਿੰਘ ਨੇ ਦੁਕਾਨਦਾਰਾਂ ਨੂੰ ਭਰੋਸਾ ਦਿੱਤਾ ਕਿ ਬਹੁਤ ਜਲਦੀ ਪੇਸ਼ ਆ ਰਹੀ ਟ੍ਰੈਫਿਕ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਜਿਸ ਵਿੱਚ ਦੁਕਾਨਦਾਰਾਂ ਨੂੰ ਵੀ ਵਿਸ਼ੇਸ਼ ਸਹਿਯੋਗ ਕਰਨਾ ਪਵੇਗਾ।

ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ

ਹੁ

ਐਨ.ਡੀ.ਆਰ.ਐੱਫ. ਦੇ ਸਹਿਯੋਗ ਨਾਲ ਕਰਵਾਇਆ ਗਿਆ ਸੁਰੱਖਿਆ ਸਬੰਧੀ ਜਾਗਰੂਕ ਕਰਦਾ ਪ੍ਰੋਗਰਾਮ



ਬਠਿੰਡਾ, 8 ਮਈ (ਜਗਸੀਰ ਭੁੱਲਰ) :ਸੇਫ਼ਟੀ ਕਾਊਂਸਲ ਆਫ਼ ਪੰਜਾਬ ਦੇ ਦਿਸ਼ਾ ਨਿਰਦੇਸ਼ ਹੇਠ ਅੱਜ ਬੀਸੀਐੱਲ ਇੰਡਸਟਰੀਜ਼ ਲਿਮਟਿਡ ਦੇ ਸੰਗਤ ਵਿਖੇ ਸਥਿਤ ਡਿਸਟਿੱਲਰੀ ਯੂਨਿਟ ਵਿਖੇ ਇਕ ਵਿਸ਼ੇਸ਼ ਉਦਯੋਗਿਕ ਸੁਰੱਖਿਆ ਅਤੇ ਕਿੱਤਾਮੁਖੀ ਸਿਹਤ ਸਬੰਧੀ ਵਿਸ਼ੇਸ਼ ਜਾਗਰੂਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਡਾਇਰੈਕਟਰ ਆਫ਼ ਫੈਕਟਰੀਜ਼ ਦੀ ਅਗਵਾਈ ਹੇਠ ਐਨਡੀਆਰਐੱਫ ਦੀ ਸੱਤ ਬਟਾਲੀਅਨ ਦੀ ਵਿਸ਼ੇਸ਼ ਟੀਮ ਵੱਲੋਂ ਉਦਯੋਗਿਕ ਯੂਨਿਟ ਦੇ ਕਰਮਚਾਰੀਆਂ ਅਤੇ ਹੋਰ ਅਧਿਕਾਰੀਆਂ ਨੂੰ ਵਿਸ਼ੇਸ਼ ਸਿਖਲਾਈ ਦਿੱਤੀ ਗਈ। ਇਸ ਵਿਸ਼ੇਸ਼ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਸਾਰੇ ਕਰਮੀਆਂ ਨੂੰ ਅੰਤ 'ਚ ਸਾਰਫੀਫਿਕੇਟ ਵੀ ਦਿੱਤੇ ਗਏ। ਸਿਖਲਾਈ ਪ੍ਰੋਗਰਾਮ 'ਚ ਹਿੱਸਾ ਲੈਣ ਵਾਲੇ ਕਰਮੀਆਂ ਨੂੰ ਐਨਡੀਆਰਐੱਫ ਦੇ ਸਬ-ਇੰਸਪੈਕਟਰ ਨਿਤਿਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਕਿਸੇ ਵੀ ਖਤਰਨਾਕ ਸਥਿਤੀ ਦੌਰਾਨ ਹਾਲਾਤਾਂ ਨਾਲ ਕਿਸ ਤਰ੍ਹਾਂ ਲੜ੍ਹਿਆ ਜਾਵੇ ਤਾਂ ਜੋ ਸੁਰੱਖਿਆ ਨੂੰ ਹਰ ਪੱਖ ਤੋਂ ਕਾਇਮ ਰੱਖਿਆ ਜਾ ਸਕੇ ਇਸ ਸਬੰਧੀ ਵਿਸ਼ੇਸ਼ ਸਿਖਲਾਈ ਸ਼ੈਸ਼ਨ ਦਿੱਤਾ ਗਿਆ। ਜਿਸ 'ਚ ਐਨਡੀਆਰਐੱਫ ਅਤੇ ਕੰਪਨੀ ਦੇ ਕਰਮੀਆਂ ਨੇ ਮਿਲਕੇ ਕਈ ਸੁਰੱਖਿਆ ਪ੍ਰੋਗਰਾਮਾਂ ਨੂੰ ਪੈਕਟੀਕਲੀ ਵੀ ਮੌਕੇ 'ਤੇ ਅੰਜਾਮ ਦਿੱਤਾ। ਇਸ ਮੌਕੇ ਡਿਪਟੀ ਡਾਇਰੈਕਟਰ ਫੈਕਟਰੀਜ਼ ਡਾ. ਵਿਸ਼ਾਲ ਸਿੰਗਲਾ ਵੱਲੋਂ ਫੈਕਟਰੀ ਦੇ ਅੰਦਰ ਕਰਮੀਆਂ ਦੀ ਸੁਰੱਖਿਆ ਅਤੇ ਕਿੱਤਾ ਮੁੱਖੀ ਸਿਹਤ ਆਦਿ ਵਿਸ਼ਿਆਂ 'ਤੇ ਵਿਸਥਾਰ 'ਚ ਜਾਣਕਾਰੀ ਦਿੱਤੀ। ਪ੍ਰੋਗਰਾਮ ਦੇ ਅਗਲੇ ਸ਼ੈਸ਼ਨ ਦੌਰਾਨ ਸਿਵਲ ਡਿਫੈਂਸ ਬਠਿੰਡਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਡਿਪਟੀ ਚੀਫ ਵਾਰਡਨ ਨਰਿੰਦਰ ਬੱਸੀ ਵੱਲੋਂ ਇਕੱਤਰ ਕਰਮੀਆਂ ਨੂੰ ਸਿਹਤ ਸਬੰਧੀ ਜਾਗਰੂਕ ਕਰਦੇ ਵਿਚਾਰਾਂ ਤੋਂ ਇਲਾਵਾ ਐਚਆਈਵੀ ਅਤੇ ਡਰੱਗ ਆਦਿ ਵਿਸ਼ਿਆਂ ਸਬੰਧੀ ਵੀ ਵਿਸਥਾਰ ਪੂਰਵਕ ਲੈਕਚਰ ਦਿੱਤਾ। ਪ੍ਰੋਗਰਾਮ ਦੇ ਅੰਤ 'ਚ ਹਿੱਸਾ ਲੈਣ ਵਾਲੇ ਸਾਰੇ ਕਰਮੀਆਂ ਨੂੰ ਸੇਫਟੀ ਕਾਊਂਸਲ ਆਫ਼ ਪੰਜਾਬ ਦੀ ਤਰਫੋਂ ਸਾਰਟੀਫਿਕੇਟ ਵੀ ਦਿੱਤੇ ਗਏ।

ਮਾਨ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਰਿਯਾਦਾ ਤੇ ਪੰਜਾਬ ਦੀ ਤਰੱਕੀ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ: ਮਾਨ



ਬਠਿੰਡਾ, 8 ਮਈ (ਜਗਸੀਰ ਭੁੱਲਰ) : ਅੱਜ 'ਸ਼ੁਕਰਾਨਾ ਯਾਤਰਾ' ਦੇ ਤੀਜੇ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ ਉੱਪਰ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਵੱਲੋਂ: ਨਤਮਸਤਕ ਹੋ ਕੇ ਗੁਰੂ ਘਰ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪੁੱਜੀ ਸੰਗਤ ਅਤੇ ਲੋਕਾਂ ਦੇ ਅਥਾਹ ਪਿਆਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਅੱਜ ਵੀ ਇਮਾਨਦਾਰ ਅਤੇ ਲੋਕਪੱਖੀ ਸਰਕਾਰ ਦੇ ਨਾਲ ਡੱਟ ਕੇ ਖੜ੍ਹੇ ਹਨ।ਚੇਅਰਮੈਨ ਮਾਰਕਫੈਡ ਪੰਜਾਬ ਸਰਦਾਰ ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ ਗੁਰੂਆਂ ਅਤੇ ਸ਼ਹੀਦਾਂ ਦੀ ਇਸ ਧਰਤੀ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਨੇ ਪੰਜਾਬ ਦੀ ਭਾਈਚਾਰਕ ਸਾਂਝ, ਤਰੱਕੀ ਅਤੇ ਗੁਰੂ ਸਾਹਿਬ ਦੀ ਮਰਿਆਦਾ ਦੀ ਰਾਖੀ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਬਣਾਇਆ ਗਿਆ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ' ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਵਾਲਾ ਇਤਿਹਾਸਕ ਕਦਮ ਹੈ, ਜਿਸ ਤਹਿਤ ਹੁਣ ਬੇਅਦਬੀ ਕਰਨ ਵਾਲੇ ਕਿਸੇ ਵੀ ਹਾਲਤ ਵਿੱਚ ਕਾਨੂੰਨ ਤੋਂ ਨਹੀਂ ਬਚ ਸਕਣਗੇ।ਚੇਅਰਮੈਨ ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਲੁੱਟਣ ਅਤੇ ਲੋਕਾਂ ਨੂੰ ਵੰਡਣ ਦੀ ਰਾਜਨੀਤੀ ਕੀਤੀ, ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਹਰ ਵਰਗ ਦੀ ਭਲਾਈ ਅਤੇ ਸਰਬੱਤ ਦੇ ਭਲੇ ਦੀ ਸੋਚ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਧੋਖਾ ਕਰਨ ਵਾਲੇ ਲੋਕਾਂ ਨੂੰ ਪੰਜਾਬ ਦੀ ਜਨਤਾ ਨੇ ਨਕਾਰ ਦਿੱਤਾ ਹੈ ਅਤੇ ਅੱਜ ਉਹ ਮੈਦਾਨ ਛੱਡ ਕੇ ਭੱਜ ਰਹੇ ਹਨ।ਉੱਥੇ ਹੀ ਚੇਅਰਮੈਨ ਮਾਰਕਫੈਡ ਪੰਜਾਬ ਸਰਦਾਰ ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਦੀ ਤਰੱਕੀ, ਨੌਜਵਾਨਾਂ ਦੇ ਭਵਿੱਖ, ਕਿਸਾਨਾਂ ਦੀ ਭਲਾਈ ਅਤੇ ਪੰਜਾਬ ਦੀ ਅਮਨ-ਸ਼ਾਂਤੀ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਲੋਕਾਂ ਦਾ ਮਿਲ ਰਿਹਾ ਪਿਆਰ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕ ਬਦਲਾਅ ਦੀ ਇਸ ਰਾਜਨੀਤੀ ਨਾਲ ਮਜ਼ਬੂਤੀ ਨਾਲ ਜੁੜੇ ਹੋਏ ਹਨ।ਇਸ ਸਮੇਂ ਕੈਬਨਿਟ ਰੈਂਕ ਪ੍ਰੋਫੈਸਰ ਬਲਜਿੰਦਰ ਕੌਰ, ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ, ਚੇਅਰਮੈਨ ਵਣ ਰਾਜ ਵਿਕਾਸ ਕਾਰਪੋਰੇਸ਼ਨ ਪੰਜਾਬ ਰਾਕੇਸ਼ ਕੁਮਾਰ ਪੁਰੀ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਐਡਵੋਕੇਟ ਹਰਦੀਪ ਸਿੰਘ ਸਰ੍ਹਾਂ, ਮਹਿਲਾ ਵਿੰਗ ਜੋਨ ਇੰਚਾਰਜ ਜਸਵਿੰਦਰ ਕੌਰ ਚੌਧਰੀ, ਸੋਸ਼ਲ ਮੀਡੀਆ ਜੋਨ ਸੈਕਟਰੀ ਸੁਖਵਿੰਦਰ ਸਿੰਘ ਜਵੰਧਾ, ਜ਼ਿਲ੍ਹਾ ਸੈਕਟਰੀ ਬਲਵਿੰਦਰ ਸਿੰਘ ਬੱਲੂ, ਯੂਥ ਵਿੰਗ ਜਿਲ੍ਹਾ ਇੰਚਾਰਜ ਐਡਵੋਕੇਟ ਰਮਨਦੀਪ ਸਿੰਘ, ਕਿਸਾਨ ਵਿੰਗ ਜ਼ਿਲ੍ਹਾ ਇੰਚਾਰਜ ਅਮਨਦੀਪ ਸਿੰਘ ਮੌੜ, ਚੇਅਰਮੈਨ ਮਾਰਕੀਟ ਕਮੇਟੀ ਤਲਵੰਡੀ ਸਾਬੋ ਟੇਕ ਸਿੰਘ ਬੰਗੀ ਆਦਿ ਹਾਜ਼ਰ ਸਨ।

ਵਿਦਿਆਰਥੀਆਂ ਦਾ ਐਨ.ਡੀ.ਏ.ਦਾ ਪੇਪਰ ਲਿਆ



ਭਗਤਾ ਭਾਈ ਕਾ, 8 ਮਈ (ਸਵਰਨ ਸਿੰਘ ਭਗਤਾ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਸਕੱਤਰ ਸੁਖਮਿੰਦਰ ਸਿੰਘ ਅਤੇ ਸਿਕੰਦਰ ਸਿੰਘ ਮਲੂਕਾ ਸਾਬਕਾ ਕੈਬਨਿਟ ਮੰਤਰੀ (ਪੰਜਾਬ ਅਤੇ ਅਨਰੇਰੀ ਸਕੱਤਰ) ਕਾਲਜ ਦੀ ਰਹਿਨੁਮਾਈ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਿਖੇ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਯੋਗ ਅਗਵਾਈ ਹੇਠ ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਲਈ ਨੈਸ਼ਨਲ ਡਿਫੈਂਸ ਅਕੈਡਮੀ ਪ੍ਰਵੇਸ਼ ਪ੍ਰੀਖਿਆ ਸੰਬੰਧੀ ਪੇਪਰ ਲਿਆ ਗਿਆ। ਇਸ ਪੇਪਰ ਵਿੱਚ 25 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਰੁਚੀ ਨਾਲ ਭਾਗ ਲਿਆ।ਇਸ ਮੌਕੇ ਐਨ ਡੀ ਏ ਇੰਚਾਰਜ ਪ੍ਰੋ. ਗੁਰਪ੍ਰੀਤ ਕੌਰ ਵੱਲੋਂ: ਵਿਦਿਆਰਥੀਆਂ ਨੂੰ ਐਨ.ਡੀ.ਏ. ਪ੍ਰੀਖਿਆ ਦੇ ਪੈਟਰਨ, ਤਿਆਗੀ ਦੇ ਢੰਗ ਅਤੇ ਭਵਿੱਖ ਵਿੱਚ ਰੱਖਿਆ ਸੇਵਾਵਾਂ ਵਿੱਚ ਕਰੀਅਰ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ ।ਵਿਦਿਆਰਥੀਆਂ ਨੇ ਵੀ ਇਸ ਪੇਪਰ ਰਾਹੀਂ ਆਪਣੀ ਯੋਗਤਾ ਦੀ ਪਰਖ ਕੀਤੀ ਅਤੇ ਭਵਿੱਖ ਲਈ ਹੋਰ ਮਿਹਨਤ ਕਰਨ ਦਾ ਸੰਕਲਪ ਲਿਆ। ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਐਨ.ਡੀ.ਏ. ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਅਨੁਸ਼ਾਸਨ, ਆਤਮਵਿਸ਼ਵਾਸ ਅਤੇ ਦੇਸ਼ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਨਿਰੰਤਰ ਮਿਹਨਤ ਅਤੇ ਲਗਨ ਨਾਲ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ।

ਵਿਧਾਇਕ ਨੇ ਭਗਤਾ ਭਾਈ ਕਾ ਸ਼ਹਿਰ ਦੀਆਂ ਸੜਕਾਂ ਦੇ ਨਵੀਨੀਕਰਨ ਲਈ 7 ਕਰੋੜ ਦੇ ਨੀਂਹ ਪੱਥਰ ਰੱਖੇ



ਭਗਤਾ ਭਾਈ ਕਾ, 8 ਮਈ (ਸਵਰਨ ਸਿੰਘ ਭਗਤਾ) : ਹਲਕਾ ਰਾਮਪੁਰਾ ਫੂਲ ਦੇ ਵਿਕਾਸ ਨੂੰ ਨਵੀਂ ਦਿਸ਼ਾ ਦਿੰਦਿਆਂ ਵਿਧਾਇਕ ਬਲਕਾਰ ਸਿੱਧੂ ਵੱਲੋਂ ਅੱਜ ਭਗਤਾ ਭਾਈ ਕਾ ਸ਼ਹਿਰ ਵਿੱਚ ਲੱਗਭਗ 7 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਵੱਖ-ਵੱਖ ਸੜਕਾਂ ਦੇ ਨਵੀਨੀਕਰਨ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਸੋਚ ਅਤੇ ਲੋਕ-ਪੱਖੀ ਨੀਤੀਆਂ ਕਾਰਨ ਅੱਜ ਪੰਜਾਬ ਵਿੱਚ ਵਿਕਾਸ ਕਾਰਜ ਜੰਗੀ ਪੱਧਰ 'ਤੇ ਚੱਲ ਰਹੇ ਹਨ ਅਤੇ ਹਰ ਹਲਕੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਸਿਆਸਤ ਵਿੱਚ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੀ ਨਵੀਂ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵਿਕਾਸ ਕਾਰਜ ਸਿਰਫ਼ ਕਾਗਜ਼ਾਂ ਤੱਕ ਸੀਮਿਤ ਰਹਿੰਦੇ ਸਨ, ਪਰ ਮਾਨ ਸਰਕਾਰ ਦੇ ਦੌਰ ਵਿੱਚ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਵਿਕਾਸ ਦਿਖਾਈ ਦੇ ਰਿਹਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਵੀ ਹਲਕੇ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਨਗਰ ਕੌਂਸਲ ਦੇ ਪ੍ਰਤੀਨਿਧੀ, ਚੇਅਰਮੈਨ ਬੇਅੰਤ ਸਿੰਘ ਧਾਲੀਵਾਲ, ਬਿੰਦਰ ਖਾਨਦਾਨ ਬਲਾਕ ਪ੍ਰਧਾਨ, ਜਗਸੀਰ ਸਿੰਘ ਪੰਨੂ,ਸੁਰੇਸ਼ ਕੁਮਾਰ ਕਾਲਾ ਸੇਤੀਆ,ਏਕਮ ਸਿੰਘ , ਸੰਜੀਵ ਬੰਟੀ,ਦੀਪਕ ਮਿੱਤਲ, ਰਾਜ ਸੇਤੀਆ, ਅਨੀਕੇਤ ਸੇਤੀਆ,ਰਾਜਵਿੰਦਰ ਸਿੰਘ ਭਗਤਾ, ਪ੍ਰਧਾਨ ਰਾਕੇਸ਼ ਅਰੋੜਾ,ਗੁਰਪ੍ਰੀਤ ਸਿੰਘ ਸਲਾਬਤਪੁਰਾ, ਡਾਕਟਰ ਕੇਵਲ ਸਿੰਘ ਭਗਤਾ,ਨਵਜੋਤ ਢਿੱਲੋਂ, ਰਾਜਾ ਹਮੀਰਗੜ੍ਹ, ਪਾਰਟੀ ਆਗੂ , ਕੁਲਵਿੰਦਰ ਸਿੰਘ ਸਰਪੰਚ ਅਤੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀਆਂ 2 ਬੱਸਾਂ ਰਵਾਨਾ



ਸੁਨਾਮ, 8 ਮਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) : ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਚੇਅਰਮੈਨ ਮੁਕੇਸ਼ ਜੁਨੇਜਾ ਦੇ ਮਾਤਾ ਸ਼ਸ਼ੀ ਬਾਲਾ ਦੇ ਵਾਰਡ ਨੰਬਰ 9 ਵਿੱਚੋਂ 02 ਬੱਸਾਂ ਅੰਮ੍ਰਿਤਸਰ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਰਵਾਨਾ ਹੋਈਆਂ। ਇਸ ਮੌਕੇ ਸ਼੍ਰੀ ਚੇਅਰਮੈਨ ਮੁਕੇਸ਼ ਜੁਨੇਜਾ ਤੇ ਮਾਤਾ ਸ਼ਸ਼ੀ ਬਾਲਾ ਨੇ ਕਿਹਾ ਕਿ ਇਹ ਪਹਿਲ ਉਨ੍ਹਾਂ ਬਜ਼ੁਰਗ ਨਾਗਰਿਕਾਂ ਦੀ ਦਿਲੀ ਇੱਛਾ ਨੂੰ ਪੂਰਾ ਕਰ ਰਹੀ ਹੈ, ਜੋ ਲੰਬੇ ਸਮੇਂ ਤੋਂ ਪਵਿੱਤਰ ਧਾਰਮਿਕ ਅਸਥਾਨਾਂ ਦੇ ਦਰਸ਼ਨ-ਦੀਦਾਰ ਦੀ ਤਾਂਘ ਰੱਖੀ ਬੈਠੇ ਸਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਣਾ ਮੰਦਰ, ਭਗਵਾਨ ਵਾਲਮੀਕਿ ਤੀਰਥ ਸਥਲ, ਜੱਲ੍ਹਿਆਂਵਾਲਾ ਬਾਗ, ਪਾਰਟਿਸ਼ਨ ਮਿਊਜ਼ੀਅਮ ਅਤੇ ਅੰਮ੍ਰਿਤਸਰ ਦੇ ਹੋਰ ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ। ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮਦਨ ਵਰਗਾਂ ਅਤੇ ਹਰ ਖਿੱਤੇ ਨਾਲ ਸਬੰਧਤ ਲੋਕਾਂ ਲਈ ਹੈ।ਸੂਬਾ ਸਰਕਾਰ ਨੇ ਸ਼ਰਧਾਲੂਆਂ ਦੀ ਮੁਫ਼ਤ ਠਹਿਰ ਅਤੇ ਖਾਣੇ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂਆਂ ਨੂੰ ਯਾਤਰਾ ਲਈ ਰਜਿਸਟਰ ਕੀਤਾ ਗਿਆ ਹੈ ਅਤੇ ਰਜਿਸਟ੍ਰੇਸ਼ਨ ਲਈ ਵੋਟਰ ਆਈਡੀ ਕਾਰਡ ਲਾਜ਼ਮੀ ਹੈ। ਸ਼ਰਧਾਲੂਆਂ ਲਈ ਏਸੀ ਬੱਸਾਂ, ਏਸੀ ਹੋਟਲ ਰਿਹਾਇਸ਼ ਅਤੇ ਖਾਣਾ ਮੁਫ਼ਤ ਪ੍ਰਦਾਨ ਕੀਤਾ ਜਾ ਰਿਹਾ ਹੈ।ਬੱਸ ਵਿੱਚ ਯਾਤਰੀਆਂ ਦੀ ਸਹਾਇਤਾ ਲਈ ਇੱਕ ਸਹਾਇਕ ਅਤੇ ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਮੈਡੀਕਲ ਟੀਮ ਵੀ ਸ਼ਰਧਾਲੂਆਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਮਾਜ ਦਾ ਇੱਕ ਵੱਡਾ ਵਰਗ ਕਿਸੇ ਨਾ ਕਿਸੇ ਕਾਰਨ ਕਰ ਕੇ ਦੇਸ਼ ਭਰ ਵਿੱਚ ਇਨ੍ਹਾਂ ਪਵਿੱਤਰ ਅਸਥਾਨਾਂ ਦੇ ਦਰਸ਼ਨ ਨਹੀਂ ਕਰ ਸਕਿਆ। ਸੂਬਾ ਸਰਕਾਰ ਨੇ ਇਹ ਯੋਜਨਾ ਦੇਸ਼ ਅਤੇ ਸੂਬੇ ਭਰ ਦੇ ਵੱਖ-ਵੱਖ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਵਾਸਤੇ ਸ਼ੁਰੂ ਕੀਤੀ ਹੈ। ਯਾਤਰਾ ਤੇ ਜਾਣ ਵਾਲੇ ਸ਼ਰਧਾਲੂਆਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ। ਇਸ ਮੌਕੇ ਸੰਜੀਵ ਕੁਮਾਰ ਸੰਜੂ ਪੀਏ, ਸਨੀ ਕਾਂਸਲ ਐਮੀ ਸਿੰਘ, ਰਣਦੀਪ ਸਿੰਘ ਰਿੰਕੂ, ਰਾਮ ਕੁਮਾਰ ਚੇਅਰਮੈਨ, ਯਾਦਵਿੰਦਰ ਨਿਰਮਾਣ, ਰਵੀ ਕਮਲ ਗੋਇਲ, ਸੋਨੂੰ ਵਰਮਾ, ਹਰਵਿੰਦਰ ਨਾਮਧਾਰੀ, ਤਰਸੇਮ ਚੌਧਰੀ, ਵਿਸ਼ਾਲ ਕੌਸ਼ਲ, ਬਹਾਦਰ ਸਿੰਘ ਰਾਗੀ ਅਤੇ ਵੱਡੀ ਗਿਣਤੀ ਆਮ ਲੋਕ ਹਾਜ਼ਰ ਸਨ।

ਖੇਤੀਬਾੜੀ ਵਿਭਾਗ ਨੇ ਜ਼ਿਲ੍ਹਾ ਪੱਧਰੀ ਸਿਖਲਾਈ ਕੈਂਪ ਲਗਾਇਆ

ਸੰਗਰੂਰ, 8 ਮਈ (ਹਰਕੰਵਲ ਸਿੰਘ ਹੈਪੀ) : ਸਾਉਣੀ 2026 ਦੀਆਂ ਫਸਲਾਂ, ਫਸਲੀ ਵਿਭੰਨਤਾ ਅਤੇ ਫਸਲਾਂ ਦੀ ਰਹਿੰਦ ਖੂੰਹਦ ਬਾਰੇ ਨਵੀਨਤਮ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਧੂਰੀ ਵਿਖੇ ਲਗਾਇਆ ਗਿਆ, ਜਿਸ ਵਿੱਚ ਜ਼ਿਲ੍ਹਾ ਭਰ ਵਿੱਚੋਂ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ।ਇਸ ਕੈਂਪ

ਮੁਲਾਜ਼ਮਾਂ ਨੂੰ ਤਨਖ਼ਾਹਾਂ ਲਈ ਕਰਨਾ ਪੈ ਰਿਹੈ ਸੰਘਰਸ਼, ਚੀਮਾ ਸਭ ਤੋਂ ਅਸਫ਼ਲ ਵਿੱਤ ਮੰਤਰੀ : ਕਾਲਾ ਢਿੱਲੋਂ



ਬਰਨਾਲਾ, 8 ਮਈ (ਬਘੇਲ ਸਿੰਘ ਧਾਲੀਵਾਲ) : ਪੰਜਾਬ ਦੇ ਮੌਜੂਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਹੁਣ ਤੱਕ ਦਾ ਸਭ ਤੋਂ ਨਿਕੰਮਾ ਵਿੱਤ ਮੰਤਰੀ ਕਰਾਰ ਦਿੰਦਿਆਂ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖ਼ਾਹਾਂ, ਪੈਨਸ਼ਨਰਾਂ ਨੂੰ ਪੈਨਸ਼ਨ ਅਤੇ ਲੋੜਵੰਦ ਲੋਕਾਂ ਨੂੰ ਭਲਾਈ ਸਕੀਮਾਂ ਦੀ ਰਕਮ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਵਿਧਾਇਕ ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਸਰਕਾਰੀ ਮੁਲਾਜ਼ਮਾਂ ਨੂੰ ਆਪਣੀਆਂ ਤਨਖ਼ਾਹਾਂ ਲਈ ਸਰਕਾਰ ਅੱਗੇ ਤਰਲੇ ਕਰਨੇ ਪੈ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਇੱਕ ਪਾਸੇ ਸਰਕਾਰ ਆਪਣੀ ਮਸ਼ਹੂਰੀ ਲਈ ਕਰੋੜਾਂ-ਅਰਬਾਂ ਰੁਪਏ ਖਰਚ ਕਰ ਰਹੀ ਹੈ, ਜਦਕਿ ਦੂਜੇ ਪਾਸੇ ਕਰਮਚਾਰੀਆਂ ਨੂੰ ਆਪਣੀਆਂ ਹੱਕ ਦੀਆਂ ਤਨਖ਼ਾਹਾਂ ਲਈ ਰੋਸ ਪ੍ਰਦਰਸ਼ਨ ਕਰਨੇ ਪੈ ਰਹੇ ਹਨ। ਕਾਲਾ ਢਿੱਲੋਂ ਨੇ ਕਿਹਾ ਕਿ ਜਿਹੜੇ ਕਰਮਚਾਰੀ ਪੇਂਡੂ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਹਨ, ਉਨ੍ਹਾਂ ਨੂੰ ਤਨਖ਼ਾਹਾਂ ਤੋਂ ਵਾਂਝਾ ਰੱਖਣਾ ਸਰਕਾਰ ਦੀ ਵੱਡੀ ਲਾਪਰਵਾਹੀ ਅਤੇ ਅਸਫਲਤਾ ਹੈ। ਉਨ੍ਹਾਂ ਮੰਗ ਕੀਤੀ ਕਿ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਕਰਮਚਾਰੀਆਂ ਦੀ ਮਾਰਚ ਅਤੇ ਅਪ੍ਰੈਲ 2026 ਦੀ ਬਕਾਇਆ ਤਨਖ਼ਾਹ ਤੁਰੰਤ ਜਾਰੀ ਕੀਤੀ ਜਾਵੇ ਅਤੇ ਇਸ ਵਿੱਚ ਹੋਈ ਦੇਰੀ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਵਿਧਾਇਕ ਢਿੱਲੋਂ ਨੇ ਪੰਜਾਬ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਪੇਂਡੂ ਪ੍ਰਸ਼ਾਸਨ ਨਾਲ ਜੁੜੇ ਕਰਮਚਾਰੀਆਂ ਨੂੰ ਸਮੇਂ ਸਿਰ ਤਨਖ਼ਾਹਾਂ ਦੇਣ ਲਈ ਇੱਕ ਪਾਰਦਰਸ਼ੀ ਅਤੇ ਜ਼ਿੰਮੇਵਾਰ ਪ੍ਰਣਾਲੀ ਲਾਗੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਰਮਚਾਰੀਆਂ ਨੂੰ ਆਪਣੇ ਹੱਕਾਂ ਅਤੇ ਤਨਖ਼ਾਹਾਂ ਲਈ ਸੰਘਰਸ਼ ਕਰਨਾ ਪਿਆ ਤਾਂ ਕਾਂਗਰਸ ਪਾਰਟੀ ਉਨ੍ਹਾਂ ਦੇ ਨਾਲ ਡੱਟ ਕੇ ਖੜ੍ਹੀ ਹੋਵੇਗੀ।

ਮੁਲਾਜ਼ਮ ਮੰਗਾਂ ਨੂੰ ਲੈ ਕੇ 17 ਮਈ ਦੀ ਮੋਹਾਲੀ ਰੈਲੀ ਵਿੱਚ ਡੀ.ਟੀ.ਐਫ. ਕਰੇਗੀ ਸ਼ਮੂਲੀਅਤ

ਬਰਨਾਲਾ, 8 ਮਈ (ਹਮੀਰ ਸਿੰਘ) : ਡੈਮੋਕ੍ਰੈਟਿਕ ਟੀਚਰਜ਼ ਫਰੰਟ ਬਰਨਾਲਾ ਨੇ ਤਰਕਸ਼ੀਲ ਭਵਨ ਬਰਨਾਲਾ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਜੀਵ ਕੁਮਾਰ ਦੀ ਅਗਵਾਈ ਹੇਠ ਕੀਤੀ, ਜਿਸ ਦੀ ਰਿਪੋਰਟਿੰਗ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਨਿਰਮਲ ਚੁਹਾਣਕੇ ਨੇ ਦੱਸਿਆ ਕਿ ਆਪ ਸਰਕਾਰ ਨੇ ਆਪਣੇ ਕਾਰਜਕਾਲ ਦੇ ਚਾਰ ਸਾਲ ਬੀਤ ਜਾਣ 'ਤੇ ਵੀ ਮੁਲਾਜ਼ਮ ਵਰਗ ਦੀ ਕੋਈ ਵਿੱਤੀ ਮੰਗ ਪੂਰੀ ਨਹੀਂ ਕੀਤੀ, ਜਿਸ ਕਰਕੇ ਸਮੂਹ ਮੁਲਾਜ਼ਮ ਵਰਗ 'ਚ ਸਰਕਾਰ ਪ੍ਰਤੀ ਭਾਰੀ ਰੋਸ ਹੈ, ਜਿਸ ਕਰਕੇ ਸਾਂਝੀਆਂ ਵਿੱਤੀ ਮੰਗਾਂ ਦੀ ਪ੍ਰਾਪਤੀ ਲਈ ਬਣੇ ਸਾਂਝੇ ਮੋਰਚੇ ਪੁਰਾਣੇ ਸਕੇਲ, ਪੁਰਾਣੀ ਪੈਨਸ਼ਨ ਤੇ ਭੱਤੇ ਬਹਾਲੀ ਮੋਰਚੇ ਵੱਲੋਂ ਆਪਣੀ ਪਲੇਠੀ ਸੂਬਾ ਪੱਧਰੀ ਰੈਲੀ 17 ਮਈ ਨੂੰ ਮੋਹਾਲੀ ਵਿਖੇ ਕੀਤੀ ਜਾਵੇਗੀ, ਜਿਸ ਵਿੱਚ ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਬਲਾਕ ਪ੍ਰਧਾਨ ਸਤਪਾਲ ਤਪਾ, ਅੰਮ੍ਰਿਤ ਪਾਲ ਕੌਟ ਦੁੱਨਾ, ਮਾਲਵਿੰਦਰ ਬਰਨਾਲਾ ਨੇ ਕਿਹਾ ਕਿ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਨ ਦੇ ਬਾਵਜੂਦ ਪੁਰਾਣੀ ਪੈਨਸ਼ਨ ਲਾਗੂ ਨਹੀਂ ਕੀਤੀ ਗਈ, ਪਿਛਲੇ ਲੰਮੇ ਸਮੇਂ ਤੋਂ ਜਿੱਥੇ ਮੁਲਾਜ਼ਮਾਂ ਦਾ ਡੀ.ਏ.ਜਾਰੀ ਨਹੀਂ ਕੀਤਾ ਓਥੇ ਹੀ ਏ.ਸੀ.ਪੀ.ਸਕੀਮ, ਪੇਂਡੂ ਭੱਤਾ, ਬਾਰਡਰ ਏਰੀਆ ਭੱਤਾ ਸਮੇਤ 37 ਤਰ੍ਹਾਂ ਦੇ ਭੱਤੇ ਰੋਕ ਕੇ ਲਗਾਤਾਰ ਮੁਲਾਜ਼ਮਾਂ ਦੀਆਂ ਤਨਖਾਹਾਂ 'ਤੇ ਕੱਟ ਲਾਏ ਜਾ ਰਹੇ ਹਨ। ਪਰ ਦੂਜੇ ਪਾਸੇ ਸਰਕਾਰ ਵੱਲੋਂ ਆਪਣੀਆਂ ਮਸ਼ਹੂਰੀਆਂ ਦੇ ਥਾਂ-ਥਾਂ ਬੋਰਡ ਲਾ ਕੇ ਖਜ਼ਾਨੇ ਦਾ ਕਰੋੜਾ ਰੁਪਏ ਲੁਟਾਇਆ ਜਾ ਰਿਹਾ ਹੈ।ਇਸ ਮੌਕੇ ਉਪਰੋਕਤ ਤੋਂ ਇਲਾਵਾ ਲਖਵੀਰ ਠੁੱਲੀਵਾਲ, ਬਲਜਿੰਦਰ ਪ੍ਰਭੂ, ਬਲਾਕ ਸਕੱਤਰ ਦਵਿੰਦਰ ਤਲਵੰਡੀ, ਰਘਬੀਰ ਕਰਮਗੜ੍ਹ, ਸੁਖਦੀਪ ਤਪਾ, ਪਲਵਿੰਦਰ ਠੀਕਰੀਵਾਲਾ, ਹੈੱਡਮਾਸਟਰ ਪ੍ਰਦੀਪ ਕੁਮਾਰ, ਸੁਖਪ੍ਰੀਤ ਬੜੀ, ਹਰਬਚਨ ਹੰਡਿਆਇਆ ਤੇ ਗੁਰਜੰਟ ਸਿੰਘ ਹਾਜ਼ਰ ਸਨ ।

ਕਾਮਰਸ ਦੇ ਵਿਦਿਆਰਥੀਆਂ ਲਈ 12ਵੀਂ ਤੋਂ ਬਾਅਦ ਪੇਸ਼ੇਵਰ ਕੋਰਸਾਂ 'ਤੇ ਕਰੀਅਰ ਕਾਊਂਸਲਿੰਗ ਵਰਕਸ਼ਾਪ



ਬਰਨਾਲਾ, 8 ਮਈ (ਇਸ਼ੇਨ ਕੰਗ) : ਮਦਰ ਟੀਚਰ ਸਕੂਲ ਨੇ ਕਾਮਰਸ ਦੇ ਵਿਦਿਆਰਥੀਆਂ ਨੂੰ 12ਵੀਂ ਤੋਂ ਬਾਅਦ ਸਹੀ ਕਰੀਅਰ ਚੁਣਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ, ਮਦਰ ਟੀਚਰ ਸਕੂਲ ਨੇ ਸਾਨੂੰ 12ਵੀਂ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ ? ਸਿਰਲੇਖ ਵਾਲੀ ਕਰੀਅਰ ਕਾਊਂਸਲਿੰਗ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦੇ ਵਿਸ਼ੇਸ਼ ਮਹਿਮਾਨ ਸ਼੍ਰੀਮਤੀ ਜਸਪ੍ਰੀਤ ਬੰਗਾ, ਸਮਰਪਿਤ ਅਤੇ ਪ੍ਰਮਾਣਿਤ ਕਰੀਅਰ ਗਾਈਡ ਅਤੇ ਐਨ.ਐਲ.ਪੀ. ਟ੍ਰੇਨਰ ਅਤੇ ਸ਼੍ਰੀ ਪੰਕਜ ਸ਼ਰਮਾ ਸਨ। ਸ਼੍ਰੀਮਤੀ ਜਸਪ੍ਰੀਤ ਬੰਗਾ, ਐਸੋਸੀਏਸ਼ਨ ਫਾਰ ਨਿਊਰੋ-ਲਿੰਗੁਇਸਟਿਕ ਪ੍ਰੋਗਰਾਮਿੰਗ (ਏ.ਐਨ.ਐਲ.ਪੀ., ਯੂ.ਕੇ.) ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਨੂੰ ਮਹਿਸੂਸ ਕਰਨ ਅਤੇ ਜੀਵਨ ਵਿੱਚ ਉੱਚ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਯਤਨ ਕਰਨ ਲਈ ਪ੍ਰੇਰਿਤ ਕੀਤਾ। ਵਰਕਸ਼ਾਪ ਦੌਰਾਨ, ਵਿਦਿਆਰਥੀਆਂ ਨੂੰ CS, CUET, IITs, IIMs, CLAT, ਫੈਸ਼ਨ ਡਿਜ਼ਾਈਨਿੰਗ, ਬੈਂਕਿੰਗ ਅਤੇ ਸਰਕਾਰੀ ਸੇਵਾਵਾਂ ਵਰਗੇ ਵੱਖ-ਵੱਖ ਖੇਤਰਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਗਈ। ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਇੱਕ ਅਜਿਹਾ ਕਰੀਅਰ ਚੁਣਨ ਲਈ ਉਤਸ਼ਾਹਿਤ ਕੀਤਾ ਜੋ ਉਨ੍ਹਾਂ ਦੀਆਂ ਰੁਚੀਆਂ, ਯੋਗਤਾਵਾਂ ਅਤੇ ਟੀਚਿਆਂ ਦੇ ਅਨੁਕੂਲ ਹੋਵੇ। ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਪਲੇਸਮੈਂਟ ਬਾਰੇ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਤਸੱਲੀਬਖਸ਼ ਜਵਾਬ ਦਿੱਤੇ ਗਏ। ਸਕੂਲ ਪ੍ਰਬੰਧਨ ਨੇ ਕਿਹਾ ਕਿ ਅਜਿਹੀ ਆਂਵਰ ਕਸ਼ਾਪਾਂ ਵਿਦਿਆਰਥੀਆਂ ਦੇ ਭਵਿੱਖ ਲਈ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ ਅਤੇ ਉਨ੍ਹਾਂ ਦੇ ਕਿਸੇ ਵੀ ਸ਼ੰਕੇ ਨੂੰ ਦੂਰ ਕਰਨ ਵਿੱਚ ਮੱਦਦ ਕਰਦੀਆਂ ਹਨ। ਅੰਤ ਵਿੱਚ, ਸਕੂਲ ਪ੍ਰਿੰਸੀਪਲ, ਸ਼੍ਰੀ ਦਲਜੀਤ ਸਿੰਘ ਜੀ ਨੇ ਸਾਰੇ ਮਹਿਮਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

ਅਖ਼ਬਾਰ ਵੇਚਣ ਤੋਂ ਸ਼ੁਰੂ ਕੀਤਾ ਸਫ਼ਰ, ਹੁਣ ਵਿਦਿਆਰਥੀਆਂ ਨੂੰ ਨਿਵੇਸ਼ ਦੇ ਗੁਰ ਸਿਖਾਉਣਗੇ ਪਰਮਜੀਤ ਸਿੰਘ ਸਚਦੇਵਾ



ਬਰਨਾਲਾ, 8 ਮਈ (ਇਸ਼ੇਨ ਕੰਗ) : ਆਰੀਆਭੱਟ ਗਰੁੱਪ ਆਫ ਇੰਸਟੀਚਿਊਟਸ ਦੇ ਕਾਮਰਸ ਐਂਡ ਮੈਨੇਜਮੈਂਟ ਵਿਭਾਗ ਵੱਲੋਂ 9 ਮਈ ਨੂੰ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਸ਼ੇਅਰ ਬਾਜ਼ਾਰ ਦੇ ਮਾਹਿਰ ਅਤੇ Sachdeva Stocks Private Limited ਦੇ ਮੈਨੇਜਿੰਗ ਡਾਇਰੈਕਟਰ ਪਰਮਜੀਤ ਸਚਦੇਵਾ ਮੁੱਖ ਵਕਤਾ ਵਜੋਂ ਸ਼ਿਰਕਤ ਕਰਨਗੇ। ਸੈਮੀਨਾਰ ਦੌਰਾਨ ਵਿਦਿਆਰਥੀਆਂ ਅਤੇ ਸ਼ਹਿਰ ਵਾਸੀਆਂ ਨੂੰ ਸ਼ੇਅਰ ਬਾਜ਼ਾਰ, ਮਿਊਚੁਅਲ ਫੰਡ ਅਤੇ ਨਿਵੇਸ਼ ਨਾਲ ਸਬੰਧਿਤ ਅਹਿਮ ਜਾਣਕਾਰੀਆਂ ਦਿੱਤੀਆਂ ਜਾਣਗੀਆਂ। ਪਰਮਜੀਤ ਸਚਦੇਵਾ ਦਾ ਜੀਵਨ ਸੰਘਰਸ਼ ਅਤੇ ਸਫ਼ਲਤਾ ਦੀ ਪ੍ਰੇਰਣਾਦਾਇਕ ਕਹਾਣੀ ਹੈ। ਉਨ੍ਹਾਂ ਨੇ ਸਾਲ 1978 ਵਿੱਚ ਅਖ਼ਬਾਰ ਵੇਚਣ ਵਾਲੇ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ ਸੀ, ਜਿੱਥੇ ਉਨ੍ਹਾਂ ਦੀ ਮਹੀਨਾਵਾਰ ਆਮਦਨੀ ਕੇਵਲ 150 ਰੁਪਏ ਸੀ। ਇਸ ਤੋਂ ਬਾਅਦ 1990 ਵਿੱਚ ਉਨ੍ਹਾਂ ਨੇ ਸਿਰਫ਼ 3000 ਰੁਪਏ ਨਾਲ ਸ਼ੇਅਰ ਬਾਜ਼ਾਰ ਵਿੱਚ ਕਦਮ ਰੱਖਿਆ। ਕਠੋਰ ਮਿਹਨਤ, ਪਾਰਦਰਸ਼ਤਾ ਅਤੇ ਸਹੀ ਰਿਸਰਚ ਦੇ ਆਧਾਰ 'ਤੇ ਅੱਜ ਉਹ ਹਜ਼ਾਰਾਂ ਗਾਹਕਾਂ ਦਾ ਭਰੋਸਾ ਜਿੱਤ ਚੁੱਕੇ ਹਨ ਅਤੇ ਫਾਇਨੈਂਸ਼ੀਅਲ ਖੇਤਰ ਵਿੱਚ ਇੱਕ ਮਾਣਯੋਗ ਨਾਮ ਬਣ ਚੁੱਕੇ ਹਨ। ਆਰੀਆਭੱਟ ਕਾਲਜ ਦੇ ਚੇਅਰਮੈਨ ਇੰਜੀਨੀਅਰ ਰਾਕੇਸ਼ ਗੁਪਤਾ ਨੇ ਦੱਸਿਆ ਕਿ ਇਸ ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਤੱਕ ਸੀਮਿਤ ਨਾ ਰੱਖ ਕੇ ਉਨ੍ਹਾਂ ਨੂੰ ਪ੍ਰੈਕਟੀਕਲ ਅਤੇ ਰੀਅਲ-ਲਾਈਫ ਫਾਇਨੈਂਸ਼ੀਅਲ ਜਾਣਕਾਰੀ ਨਾਲ ਜੋੜਨਾ ਹੈ। ਉਨ੍ਹਾਂ ਨਾਲ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਜੀਵ ਮੰਗਲਾ, ਵਿੱਕੀ ਸਿੰਗਲਾ, ਇੰਦਰਪਾਲ ਗੋਇਲ, ਹਰਭਜਨ ਸਿੰਘ, ਮੋਹਿਤ ਮੰਗਲਾ ਅਤੇ ਅਸ਼ਵਨੀ ਸਿੰਗਲਾ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਭਵਿੱਖ ਲਈ ਆਰਥਿਕ ਤੌਰ 'ਤੇ ਮਜ਼ਬੂਤ ਬਣਾਉਣ ਵਿੱਚ ਮੱਦਦਗਾਰ ਸਾਬਤ ਹੁੰਦੇ ਹਨ। ਕਾਲਜ ਦੇ ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਫਾਇਨੈਂਸ਼ੀਅਲ ਲਿਟਰੇਸੀ ਬਹੁਤ ਜ਼ਰੂਰੀ ਹੋ ਚੁੱਕੀ ਹੈ। ਇਸ ਮੌਕੇ ਡੀਨ ਅਕੈਡਮਿਕਸ ਡਾ. ਭਾਵੇਤ ਗਰਗ, ਡੀਨ ਇੰਜੀਨੀਅਰਿੰਗ ਰਜਨੀਸ਼ ਨਰੂਲਾ ਅਤੇ ਕੋਆਰਡੀਨੇਟਰ ਡਾ. ਜਸ਼ਨਜੋਤ ਤੇ ਸ਼੍ਰੀਮਤੀ ਭਾਵੁਕਤਾ ਸ਼ਰਮਾ ਨੇ ਕਿਹਾ ਕਿ ਸੈਮੀਨਾਰ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਮਾਰਕੀਟ ਇਨਸਾਈਟਸ, ਸਮਾਰਟ ਸਟ੍ਰੈਟੇਜੀਜ਼ ਅਤੇ ਵੈਲਥ ਕ੍ਰੀਏਸ਼ਨ ਦੇ ਅਸਲੀ ਮਾਡਲ ਸਿੱਖਣ ਦਾ ਮੌਕਾ ਮਿਲੇਗਾ।

ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਇਨਵੈਸਚਰ ਸੈਰੇਮਨੀ ਦੌਰਾਨ ਹਾਊਸ ਮੁਖੀਆਂ ਨੂੰ ਸਹੁੰ ਚੁਕਾਈ



ਬਰਨਾਲਾ, 8 ਮਈ (ਹਮੀਰ ਸਿੰਘ) : ਇਲਾਕੇ ਵਿੱਚ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਪੜ੍ਹਾਈ ਮਹੁੱਈਆ ਕਰਵਾ ਰਹੀ ਨਾਮਵਰ ਵਿੱਦਿਅਕ ਸੰਸਥਾ ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਵਿਖੇ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਨੈਤਿਕ ਸਮਰੱਥਾ ਦੇ ਨਿਰਮਾਣ ਤੇ ਸ਼ੇਸਠਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਸਰਬਪੱਖੀ ਵਿਕਾਸ ਲਈ ਸੰਸਥਾ ਦੇ ਚੇਅਰਮੈਨ ਸ: ਰਵਿੰਦਰਜੀਤ ਸਿੰਘ ਬਿੰਦੀ, ਸਾਗਰਜੀਤ ਸਿੰਘ ਖੀਪਲ(ਡਾਇਰੈਕਟਰ) ਦੀ ਅਗਵਾਈ ਹੇਠ 2026-27 ਦਾ ਇਨਵੈਸਟੀਚਰ ਸਮਾਰੋਹ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਨੇਤ੍ਰਿਤਵ ਦੇ ਗੁਣ ਵਿਕਸਿਤ ਕਰਨਾ, ਉਨ੍ਹਾਂ ਵਿਚ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਅਤੇ ਸਕੂਲ ਦੇ ਅਨੁਸ਼ਾਸਨ ਨੂੰ ਮਜ਼ਬੂਤ ਬਣਾਉਣਾ ਸੀ। ਸਮਾਰੋਹ ਵਿੱਚ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਬੰਧਕ ਮੈਂਬਰਾਂ ਦੀ ਉਤਸ਼ਾਹ ਪੂਰਵਕ ਭਾਗੀਦਾਰੀ ਰਹੀ। ਇਨਵੈਸਚਰ ਸੇਰੈਮਨੀ ਦੀ ਸ਼ੁਰੂਆਤ ਸ਼ਮਾ ਰੌਸ਼ਨ ਕਰਕੇ ਕੀਤੀ ਗਈ, ਸਕੂਲ ਦੇ ਬੈਂਡ ਦੁਆਰਾ ਮਾਰਚ ਪਾਸਟ ਕੀਤਾ ਗਿਆ। ਹੈੱਡ ਬੁਆਏ, ਹੈੱਡ ਗਰਲ ਅਤੇ ਸਪੋਰਟਸ ਕੈਪਟਨ ਦੇ ਨਾਲ-ਨਾਲ ਐਵਰੈਸਟ, ਕੰਚਨਜੁੰਗਾ, ਮੈਟਰਹੋਰਨ ਅਤੇ ਓਲੰਪਿਸ ਹਾਊਸ ਦੇ ਵੱਖ-ਵੱਖ ਹਾਊਸ ਮੁਖੀਆਂ, ਮੈਂਬਰਾਂ ਦੀ ਚੋਣ ਨਿਰੋਲ ਤਰੀਕੇ ਨਾਲ ਕੀਤੀ ਗਈ। ਉਨ੍ਹਾਂ ਨੇ ਸਹੁੰ ਲਈ ਕਿ ਉਹ ਆਪਣੇ ਫਰਜ਼ਾ ਨੂੰ ਈਮਾਨਦਾਰੀ, ਨਿਸ਼ਠਾ ਅਤੇ ਅਨੁਸ਼ਾਸਨ ਨਾਲ ਨਿਭਾਉਣਗੇ ਅਤੇ ਸਕੂਲ ਦੀ ਮਰਿਯਾਦਾ ਨੂੰ ਕਾਇਮ ਰੱਖਣਗੇ। ਸੰਸਥਾ ਚੇਅਰਮੈਨ ਸ:ਰਵਿੰਦਰਜੀਤ ਸਿੰਘ ਬਿੰਦੀ, ਸ:ਸਾਗਰਜੀਤ ਸਿੰਘ ਖੀਪਲ (ਡਾਇਰੈਕਟਰ) ਨੇ ਸ਼ੈਸਨ 2026-27 ਲਈ ਚੁਣੀ ਗਈ ਸਕੂਲ ਕੈਬਨਿਟ ਅਤੇ ਹਾਊਸ ਇੰਚਾਰਜ਼ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਲੀਡਰਸ਼ਿਪ ਸਿਰਫ ਇੱਕ ਅਹੁਦਾ ਪ੍ਰਾਪਤ ਕਰਨਾ ਹੀ ਨਹੀਂ ਹੈ ਸਗੋਂ ਇਮਾਨਦਾਰੀ ਅਤੇ ਸਮਰਪਣ ਨਾਲ ਜ਼ਿੰਮੇਵਾਰੀ ਨਿਭਾਉਣ ਬਾਰੇ ਹੈ, ਵਿਦਿਆਰਥੀ ਪ੍ਰੀਸ਼ਦ ਦਾ ਹਿੱਸਾ ਬਨਣਾ ਮਾਣ ਦੀ ਗੱਲ ਹੈ ਤੇ ਸੇਵਾ ਕਰਨ ਦਾ ਮੌਕਾ ਹੈ, ਜਿਸ ਰਾਹੀਂ ਵਿਦਿਆਰਥੀ ਸਕੂਲ, ਸਮਾਜ ਵਿੱਚ ਸਾਕਾਰਤਮਕ ਬਦਲਾਅ ਲਿਆ ਸਕਦੇ ਹਨ। ਇਹ ਇਨਵੈਸਟੀਚਰ ਸਮਾਰੋਹ ਵਿਦਿਆਰਥੀਆਂ ਲਈ ਇੱਕ ਯਾਦਗਾਰ ਅਨੁਭਵ ਸਾਬਤ ਹੋਇਆ ਅਤੇ ਇਸ ਨਾਲ ਸਕੂਲ 'ਚ ਨੇਤ੍ਰਿਤਵ ਦੇ ਨਵੇਂ ਅਧਿਆਇ ਦੀ ਸ਼ੁਰੂਆਤ ਹੋਈ।

ਗਗਨਦੀਪ ਸਿੰਘ ਨੇ ਆਰ.ਪੀ.ਐਫ. ਚੌਕੀ ਬਰਨਾਲਾ ਦੇ ਇੰਚਾਰਜ ਵਜੋਂ ਅਹੁਦਾ ਸੰਭਾਲਿਆ



ਬਰਨਾਲਾ, 8 ਮਈ (ਸੁਖਵਿੰਦਰ ਸਿੰਘ ਭੰਡਾਰੀ) : ਸਬ-ਇੰਸਪੈਕਟਰ ਗਗਨਦੀਪ ਸਿੰਘ ਨੇ ਅੱਜ ਬਰਨਾਲਾ ਰੇਲਵੇ ਸਟੇਸ਼ਨ ਵਿਖੇ ਆਰ ਪੀ ਐਫ ਚੌਕੀ ਬਰਨਾਲਾ ਦੇ ਇੰਚਾਰਜ ਵਜੋਂ ਅਹੁਦਾ ਸੰਭਾਲਿਆ। ਇੱਕ ਪ੍ਰੈਸ ਕਾਨਫਰੰਸ ਦੌਰਾਨ, ਸਬ-ਇੰਸਪੈਕਟਰ ਗਗਨਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਮੁੱਖ ਤਰਜੀਹ ਰੇਲਵੇ ਜਾਇਦਾਦ ਅਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਰੇਲਗੱਡੀਆਂ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵ



ਪਟਿਆਲਾ-ਆਸ/ਪਾਸ



ਪਿੰਡਾਂ ਦੀ ਕਾਇਆਕਲਪ ਲਈ ਨਿੱਠ ਕੇ ਕੰਮ ਕਰਨ ਅਧਿਕਾਰੀ, ਵਿਕਾਸ ਫੰਡਾਂ ਦੀ ਕੋਈ ਕਮੀ ਨਹੀਂ : ਡਾ. ਹਿਮਾਂਸ਼ੂ ਅਗਰਵਾਲ

➢ਡੀ.ਸੀ. ਵੱਲੋਂ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਸਮੀਖਿਆ



ਪਟਿਆਲਾ, 8 ਮਈ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ (ਬੀ.ਡੀ.ਪੀ.ਓਜ਼) ਨੂੰ ਹਦਾਇਤ ਕੀਤੀ ਹੈ ਕਿ ਉਹ ਪਿੰਡਾਂ ਦੀ ਕਾਇਆਕਲਪ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪੂਰੀ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ। ਡਾ. ’ਤੇ ਜ਼ੋਰ ਦਿੰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਿਕਾਸ ਕਾਰਜਾਂ ਲਈ ਜਾਰੀ ਕੀਤੇ ਗਏ ਫੰਡਾਂ ਦੇ ਵਰਤੋਂ ਸਰਟੀਫਿਕੇਟ ਵੀ ਨਾਲੋ-ਨਾਲ ਤਿਆਰ ਕਰਕੇ ਸਮੇਂ ਸਿਰ ਜਮ੍ਹਾਂ ਕਰਵਾਏ ਜਾਣ ਤਾਂ ਜੋ ਵਿਕਾਸ ਕਾਰਜਾਂ ਦੀ ਰਫ਼ਤਾਰ ਪ੍ਰਭਾਵਿਤ ਨਾ ਹੋਵੇ। ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਅੰਦਰ ਬਣਾਈਆਂ 28 ਪੇਂਡੂ ਲਾਇਬ੍ਰੇਰੀਆਂ ਦਾ ਵੱਧ ਤੋਂ ਵੱਧ ਲਾਭ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਤੱਕ ਪਹੁੰਚਾਉਣ ਦੀ ਹਦਾਇਤ ਵੀ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਅੰਦਰ ਮੁਕੰਮਲ ਕੀਤੇ ਜਾਣ ਅਤੇ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਲਾਪਰਵਾਹੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਵੀ ਅਮਲ ਵਿੱਚ ਲਿਆਂਦੀ ਜਾਵੇਗੀ। ਡਾ. ਅਗਰਵਾਲ ਨੇ ਇਸ ਮੌਕੇ ਪੰਜਾਬ ਨਿਰਮਾਣ ਪ੍ਰੋਗਰਾਮ, ਸਮਾਰਟ ਵਿਲੇਜ ਸਕੀਮ, ਐਮ.ਪੀ. ਲੈਡ ਅਤੇ ਹੋਰ ਵਿਕਾਸ ਸਕੀਮਾਂ ਨਾਲ ਸਬੰਧਤ ਲੰਬਿਤ ਵਰਤੋਂ ਸਰਟੀਫਿਕੇਟਾਂ ਲਗਭਗ 60 ਕਰੋੜ ਰੁਪਏ ਦੀ ਲਾਗਤ ਨਾਲ 191 ਮੁੱਖ ਮੰਤਰੀ ਖੇਡ ਦੇ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਕਰੀਬ ਡੇਢ ਦਰਜ਼ਨ ਮੈਦਾਨ ਨੌਜਵਾਨਾਂ ਨੂੰ ਸਮਰਪਿਤ ਵੀ ਕੀਤੇ ਜਾ ਚੁੱਕੇ ਹਨ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸੜਕਾਂ, ਸੀਵਰੇਜ, ਜਲ ਸਪਲਾਈ ਸਕੀਮਾਂ ਅਤੇ ਹੋਰ ਬੁਨਿਆਦੀ ਢਾਂਚਾਗਤ ਪ੍ਰਾਜੈਕਟਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਪ੍ਰਾਜੈਕਟ ਨਿਰਧਾਰਤ ਸਮਾਂ ਸੀਮਾ ਅਤੇ ਚੱਲ ਰਹੇ ਪ੍ਰਾਜੈਕਟਾਂ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਮਨਜੀਤ ਸਿੰਘ ਮਾਨ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਗੀਤ ਰਾਣਾ, ਡਿਪਟੀ ਈ.ਐਸ.ਏ. ਜਸਵਿੰਦਰ ਕੌਰ, ਡਿਪਟੀ ਸੀ.ਈ.ਓ. ਜ਼ਿਲ੍ਹਾ ਪਰਿਸ਼ਦ ਅਮਨਦੀਪ ਕੌਰ, ਜ਼ਿਲ੍ਹਾ ਪੇਂਡੂ ਵਿਕਾਸ ਅਤੇ ਪੰਚਾਇਤ ਅਫ਼ਸਰ ਮਹਿੰਦਰਜੀਤ ਸਿੰਘ ਸਮੇਤ ਲੋਕ ਨਿਰਮਾਣ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਅਕਾਲੀ ਦਲ ਸੁਤੰਤਰ ਨੇ ਹਲਕਾ ਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਐਸ.ਡੀ.ਐਮ. ਨਾਭਾ ਨੂੰ ਦਿੱਤਾ ਮੰਗ ਪੱਤਰ



ਨਾਭਾ, 8 ਮਈ (ਗੁਰਚਰਨ ਸਿੰਘ ਚੌਧਰੀ ਮਾਜਰਾ) : ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਵੱਲੋਂ ਹਲਕੇ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਐਸਡੀਐਮ ਏਪੀਐਸ ਸੋਮਲ ਨਾਭਾ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਨੇ ਕਿਹਾ ਕਿ ਐਸਡੀਐਮ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਜੋ ਬਸਾਂ, ਆਟੋ ਜਾਂ ਹੋਰ ਵਹੀਕਲਾਂ ਰਾਹੀਂ ਬੱਚਿਆਂ ਦੀ ਢੋਆ ਢੁਆਈ ਕੀਤੀ ਜਾਂਦੀ ਹੈ ਛੁੱਟੀਆਂ ਦੇ ਦਿਨਾਂ ਵਿੱਚ ਇਹਨਾਂ ਦੀ ਮੁਕੰਮਲ ਤੌਰ ਤੇ ਠੀਕ ਕਰਵਾਏ ਜਾਣ ਤਾਂ ਕਿ ਰੋਜ਼ ਪੰਜਾਬ ਦੇ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ, ਉਨ੍ਹਾਂ ਕਿਹਾ ਕਿ ਹਰ ਪਰਿਵਾਰ ਵਿੱਚ ਇੱਕ ਜਾਂ ਦੋ ਬੱਚੇ ਹਨ, ਜਾਨਾਂ ਬਹੁਤ ਕੀਮਤੀ ਹਨ। ਇਹ ਵਹੀਕਲਾਂ ਵਾਲੀਆਂ ਦੇ ਨਾ ਵਰਦੀ, ਨਾ ਕੋਈ ਸ਼ੈਰਨ, ਨਾ ਕੋਈ ਇਸ਼ਾਰਾ ਚੱਲਦਾ, ਨਾ ਕੋਈ ਡਰਾਈਵਰਾਂ ਦਾ ਲਾਇਸੈਂਸ ਚੈੱਕ ਕਰਦਾ ਹੈ, ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਰੋਜ ਨਵੀਆਂ ਤੋਂ ਨਵੀਆਂ ਘਟਨਾਵਾਂ ਵਾਪਰਦੀਆਂ ਹਨ ਉਹਨਾਂ ਨੂੰ ਮੁੱਖ ਰੱਖਦੇ ਹੋਏ ਆਪ ਜੀ ਨੂੰ ਇਹਨਾਂ ਨਾਲ ਮੀਟਿੰਗ ਕਰਨੀ ਚਾਹੀਦੀ ਹੈ ਜਾਂ ਚਿੱਠੀਆਂ ਕੱਢੇ ਕੇ ਇਨ੍ਹਾਂ ਨੂੰ ਸੂਚਨਾ ਦੇਣੀ ਚਾਹੀਦੀ ਹੈ ਕਿ ਇਸ ਤਰ੍ਹਾਂ ਦੇ ਹਾਦਸੇ ਨਾ ਵਾਪਰ ਸਕਣ। ਉਨ੍ਹਾਂ ਕਿਹਾ ਕਿ ਨਿੱਜੀ ਤੌਰ ’ਤੇ ਟਰੈਫਿਕ ਪੁਲਿਸ ਨੂੰ ਅਤੇ ਟਰਾਂਸਪੋਰਟ ਮਹਿਕਮੇ ਨੂੰ ਲੈਟਰ ਕੱਢ ਕੇ ਇਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਜਾਵੇ। ਉਨ੍ਹਾਂ ਕਿਹਾ ਕਿ ਸਕੂਲਾਂ ਦੇ ਹੈਡ ਮਾਸਟਰ/ਪ੍ਰਿੰਸੀਪਲ ਸਾਹਿਬ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਘਟਨਾ ਨੂੰ ਧਿਆਨ ਚ ਰੱਖਦੇ ਹੋਏ ਹੋਰ ਅਨੇਕਾਂ ਪੰਜਾਬ ਚ ਵਾਪਰ ਰਹੀਆਂ ਘਟਨਾਵਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸਖਤ ਤੋਂ ਸਖਤ ਕਦਮ ਚੁੱਕੇ ਜਾਣ ਤਾਂ ਕਿ ਅਜਿਹੇ ਜਿਹੀਆਂ ਘਟਨਾਵਾਂ ਹਲਕੇ ਵਿੱਚ ਨਾ ਹੋ ਸਕਣ। ਇਸ ਮੌਕੇ ਕਾਮਰੇਡ ਜਗਮੀਤ ਸਿੰਘ, ਹਰਬੰਸ ਸਿੰਘ ਖਟੜਾ, ਸੁਰਜੀਤ ਸਿੰਘ ਬਾਬਰਪੁਰ, ਸੁਖਦੇਵ ਸਿੰਘ ਬਾਗੜੀਆਂ ਆਦਿ ਹਾਜ਼ਰ ਸਨ।

ਨਸ਼ੇ ਦੀ ਹਾਲਤ ’ਚ ਤਿੰਨ ਨੌਜਵਾਨ ਕਾਬੂ

ਸਮਾਣਾ, 8 ਮਈ (ਵਿਜੇ ਕੁਮਾਰ) : ਸਦਰ ਪੁਲਿਸ ਨੇ ਨਸ਼ਾ ਕੀਤੇ ਹੋਣ ਦੇ ਦੋਸ਼ ਵਿੱਚ ਤਿੰਨ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਜੋਰਾ ਸਿੰਘ ਅਤੇ ਜਸਪ੍ਰੀਤ ਸਿੰਘ (ਦੋਵੇਂ ਵਾਸੀ ਪਿੰਡ ਕਕਰਾਲਾ ਭਾਈਕਾ) ਅਤੇ ਅਜੇ ਕੁਮਾਰ ਵਾਸੀ ਚੁਪਕੀ ਵਜੋਂ ਹੋਈ ਹੈ। ਸਦਰ ਪੁਲਿਸ ਇੰਚਾਰਜ ਇੰਸਪੈਕਟਰ ਅਜੇ ਕੁਮਾਰ ਪੁਰੇਚਾ ਨੇ ਦੱਸਿਆ ਕਿ ਮਵੀ ਕਲਾਂ ਪੁਲਿਸ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਅਨਾਜ ਮੰਡੀ ਕਕਰਾਲਾ ਭਾਈਕਾ ਕੋਲ ਮੌਜੂਦ ਸਨ। ਉਨ੍ਹਾਂ ਨੇ ਨਾਕਾਬੰਦੀ ਦੌਰਾਨ ਸ਼ੱਕ ਦੇ ਆਧਾਰ ’ਤੇ ਦੋ ਨੌਜਵਾਨਾਂ ਨੂੰ ਰੋਕਿਆ। ਜਾਂਚ ਦੌਰਾਨ ਪਾਇਆ ਗਿਆ ਕਿ ਉਨ੍ਹਾਂ ਨੇ ਨਸ਼ਾ ਕੀਤਾ ਹੋਇਆ ਸੀ, ਜਿਸ ਦੀ ਪੁਸ਼ਟੀ ਡੋਪ ਟੈਸਟ ਵਿੱਚ ਵੀ ਹੋ ਗਈ। ਅਧਿਕਾਰੀ ਅਨੁਸਾਰ ਦੋਵਾਂ ਨੌਜਵਾਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤੀ ਹੁਕਮਾਂ ਅਨੁਸਾਰ ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰ ਭੇਜ ਦਿੱਤਾ ਗਿਆ ਹੈ। ਇੱਕ ਹੋਰ ਮਾਮਲੇ ਵਿੱਚ, ਸਦਰ ਪੁਲਿਸ ਦੇ ਏ.ਐਸ.ਆਈ. ਨਿਰਮਲ ਸਿੰਘ ਨੇ ਪੁਲਿਸ ਪਾਰਟੀ ਸਮੇਤ ਸਮਾਣਾ-ਪਟਿਆਲਾ ਰੋਡ ’ਤੇ ਗਸ਼ਤ ਦੌਰਾਨ ਪੁਰਾਣੇ ਟੋਲ ਪਲਾਜ਼ਾ ਕੋਲੋਂ ਇੱਕ ਨੌਜਵਾਨ ਨੂੰ ਸ਼ੱਕ ਦੇ ਆਧਾਰ ’ਤੇ ਰੋਕਿਆ। ਨਸ਼ੇ ਦੀ ਹਾਲਤ ਵਿੱਚ ਪਾਏ ਜਾਣ ’ਤੇ ਪੁਲਿਸ ਨੇ ਉਸ ਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ।

ਸੰਘਰਸ਼ੀਲ ਅਧਿਆਪਕ ਜਥੇਬੰਦੀਆਂ ਵੱਲੋਂ ਐਸ.ਡੀ.ਐਮ. ਪਟਿਆਲਾ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ



ਦੇਵੀਗੜ੍ਹ, 8 ਮਈ ਗੁਰਜੀਤ ਸਿੰਘ ਢੋਟ) : ਬੀਤੇ ਦਿਨ ਪੰਜਾਬ ਦੀਆਂ ਪ੍ਰਮੁੱਖ ਸੰਘਰਸ਼ਸ਼ੀਲ ਅਧਿਆਪਕ ਜਥੇਬੰਦੀਆਂ ਦੇ ਸੱਦੇ ’ਤੇ ਜ਼ਿਲ੍ਹਾ ਪਟਿਆਲੇ ਦੇ ਐਸ ਡੀ ਐਮ ਗੁਰਦੇਵ ਸਿੰਘ ਧੰਮ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ’ਤੇ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਇਕੱਠੇ ਹੋਏ ਅਧਿਆਪਕ ਜਥੇਬੰਦੀਆਂ ਦੇ ਆਗੂਆਂ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਸਮਾਣਾ , ਦੀਦਾਰ ਸਿੰਘ ਪਟਿਆਲਾ, ਹਰਪ੍ਰੀਤ ਸਿੰਘ ਉੱਪਲ, ਡੀ.ਟੀ.ਐੱਫ. ਦਿੱਗਵਿਜੇਪਾਲ ਗਰੁੱਪ ਤੋਂ ਤਲਵਿੰਦਰ ਸਿੰਘ ਖਰੌੜ, ਐਸਸੀ ਬੀਸੀ ਅਧਿਆਪਕ ਯੂਨੀਅਨ ਤੋਂ ਗੁਰਪ੍ਰੀਤ ਸਿੰਘ ਗੁਰੂ, 2392 ਤੋਂ ਮੈਡਮ ਰਮਨਪ੍ਰੀਤ ਕੌਰ ਮੈਰੀਟੋਰੀਅਸ ਸਕੂਲ ਤੋਂ ਵਿਪਨੀਤ ਕੌਰ 4161 ਤੋਂ ਜਸਬੀਰ ਸਿੰਘ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਪੰਜ ਸਾਲ ਪੂਰੇ ਹੋਣ ਵਾਲੇ ਹਨ ਪਰ ਅਧਿਆਪਕਾਂ ਦੀ ਮੰਗਾਂ ਜਿਉ ਦੀਆਂ ਤਿਉ ਖੜੀਆਂ ਹਨ। ਇਸ ਮੌਕੇ ਅਧਿਆਪਕ ਜਥੇਬੰਦੀਆਂ ਵੱਲੋਂ ਆਪਣੀਆਂ ਮੰਗ ਨੂੰ ਲੈ ਕੇ ਜ਼ਿਲ੍ਹਾ ਪਟਿਆਲੇ ਦੇ ਐਸਡੀਐਮ ਰਾਹੀਂ ਨੂੰ ਮੰਗ ਪੱਤਰ ਦਿੱਤਾ। ਇਸ ਦੌਰਾਨ ਅਧਿਆਪਕਾਂ ਆਗੂਆਂ ਨੇ ਦੱਸਿਆ ਕਿ 11 ਮਈ ਨੂੰ ਸਿੱਖਿਆ ਵਿਭਾਗ ਦੇ ਮੁੱਖ ਦਫ਼ਤਰ ਡੀ.ਪੀ.ਆਈ. ਦਫਤਰ ਮੋਹਾਲੀ ਵਿਖੇ ਅਧਿਆਪਕਾਂ ਦਾ ਇੱਕ ਮਾਸ ਡੈਪੂਟੇਸ਼ਨ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਦੇਵੇਗਾ। ਇਸ ਮੌਕੇ ਜੀ.ਟੀ.ਯੂ. ਤੋਂ ਮਨਦੀਪ ਕਾਲੇਕੇ,ਟਹਿਲਬੀਰ ਸਿੰਘ, ਗੁਰਪ੍ਰੀਤ ਸਿੰਘ ਸਿੱਧੂ, ਵਰਿੰਦਰ ਸਿੰਘ ਮਰੜੀ, ਗੁਰਵਿੰਦਰ ਸਿੰਘ ਧਨੇਠਾ, ਗੁਰਵਿੰਦਰ ਸਿੰਘ ਜਨੇੜੀਆਂ, ਜਸਵੀਰ ਸਿੰਘ, ਗੁਰਪ੍ਰੀਤ ਸਿੰਘ ਵਜੀਦਪੁਰ, ਸੰਦੀਪ ਕੁਮਾਰ, ਸ਼ਰਨਜੀਤ ਸਿੰਘ ਰਟੌਲ, ਐਸ ਸੀ ਬੀ ਸੀ ਯੂਨੀਅਨ ਤੋਂ ਲਖਵਿੰਦਰ ਸਿੰਘ ਦਾਨੀਪੁਰ , ਗੁਰਜੰਟ ਸਿੰਘ ਭਾਟੀਆ ਆਗੂ ਹਾਜ਼ਰ ਸਨ।

ਦਯਾਨੰਦ ਮਾਡਲ ਹਾਈ ਸਕੂਲ ’ਚ ਮਦਰ-ਡੇ ਮਨਾਇਆ



ਸਮਾਣਾ, 8 ਮਈ (ਵਿਜੇ ਕੁਮਾਰ) : ਦਯਾਨੰਦ ਮਾਡਲ ਹਾਈ ਸਕੂਲ ’ਚ ਸਕੂਲ ਪ੍ਰਿੰਸੀਪਲ ਅੰਜੂ ਡੈਂਬਲਾ ਦੀ ਅਗਵਾਈ ਵਿੱਚ ਮਦਰ ਡੇ ਮਨਾਇਆ ਗਿਆ। ਮਦਰ ਡੇ ਮੌਕੇ ਨਰਸਰੀ ਤੋਂ ਲੈ ਕੇ ਚੌਥੀ ਕਲਾਸ ਦੇ ਵਿਦਿਆਰਥੀਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਤੋਂ ਇਲਾਵਾ ਵਿਦਿਅਰਥੀਆਂ ਦਾ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ’ਤੇ ਸਕੂਲ ਪ੍ਰਿੰਸੀਪਲ ਅੰਜੂ ਡੈਂਬਲਾ ਨੇ ਕਿਹਾ ਕਿ ਮਾਂ ਦਾ ਦਰਜਾ ਰੱਬ ਤੋਂ ਵੀ ਉੱਪਰ ਹੈ, ਮਾਂ ਦੇ ਚਰਨਾਂ ਵਿੱਚ ਹੀ ਸਵਰਗ ਹੈ ਅਤੇ ਜੇਕਰ ਦੁਨੀਆ ਵਿੱਚ ਸਭ ਤੋਂ ਵੱਡਾ ਕੋਈ ਨਿਰਸਵਾਰਥ ਪਿਆਰ ਹੈ, ਤਾਂ ਉਹ ਮਾਂ ਦਾ ਹੈ। ਇਸ ਮੌਕੇ ’ਤੇ ਇਸਤਰੀ ਅਰਿਆ ਸਮਾਜ ਤੋਂ ਅਦਰਸ਼ ਗੋਇਲ,ਆਸ਼ਾ ਬੱਬਰ, ਸੀਮਾ ਬੱਬਰ, ਲਤਾ ਬੱਬਰ ਅਤੇ ਸਰੋਜ ਗੁਪਤਾ ਆਦਿ ਮੌਜੂਦ ਸਨ।

ਸਾਹਿਤਕ ਸਮਾਗਮ ਭਲਕੇ

ਪਟਿਆਲਾ, 8 ਮਈ (ਚ.ਨ.ਸ) : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ 10 ਮਈ, 2026 ਦਿਨ ਐਤਵਾਰ ਨੂੰ ਸਵੇਰੇ 9.30 ਵਜੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਸਾਹਿਤਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ।ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ‘ਆਸ਼ਟ’ ਅਤੇ ਜਨਰਲ ਸਕੱਤਰ ਦਵਿੰਦਰ ਪਟਿਆਲਵੀ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਸਾਬਕਾ ਡਿਪਟੀ ਕਮਿਸ਼ਨਰ ਸ੍ਰੀ ਸ਼ਿਵਦੁਲਾਰ ਸਿੰਘ ਢਿੱਲੋਂ, ਆਈ.ਏ.ਐਸ. ਕਰਨਗੇ ਜਦੋਂ ਕਿ ਮੁੱਖ ਮਹਿਮਾਨ ਆਕਾਸ਼ਵਾਣੀ ਪਟਿਆਲਾ ਦੇ ਪ੍ਰੋਗਰਾਮ ਮੁਖੀ ਜਨਾਬ ਮੁਹੰਮਦ ਇਮਤਿਆਜ਼ ਹੋਣਗੇ। ਇਸ ਸਮਾਗਮ ਦੇ ਵਿਸ਼ੇਸ਼ ਮਹਿਮਾਨ ਰਿਮਟ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਵਾਈਸ—ਚਾਂਸਲਰ ਡਾ. ਭੁਪਿੰਦਰ ਸਿੰਘ ਬਰਾੜ, ਕਵਿੱਤਰੀ ਸੁਮਨ ਬੱਤਰਾ, ਸਾਬਕਾ ਪ੍ਰਿੰਸੀਪਲ ਪੰਜਾਬ ਜੇਲ੍ਹ ਸਿਖਲਾਈ ਸੰਸਥਾ, ਰਾਕੇਸ਼ ਕੁਮਾਰ ਸ਼ਰਮਾ, ਪੀ.ਪੀ.ਐਸ. ਅਤੇ ਅਰਵਿੰਦਰ ਸਿੰਘ ਦਿਉਲ ਹੋਣਗੇ।ਇਸ ਦੌਰਾਨ ਪ੍ਰਸਿੱਧ ਸਮਾਜ ਸੇਵਕ ਅਤੇ ਲੇਖਕ ਸ੍ਰੀ ਭਗਵਾਨ ਦਾਸ ਗੁਪਤਾ ਦਾ ਪਲੇਠਾ ਸਫ਼ਰਨਾਮਾ ‘ਕਾਲਕਾ ਤੋਂ ਸ਼ਿਮਲਾ* ਲੋਕ ਅਰਪਣ ਕੀਤਾ ਜਾਵੇਗਾ।

ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ



ਪਟਿਆਲਾ, 8 ਮਈ (ਰੁਪਾਣਾ) :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ਼ ਐਜੂਕੇਸ਼ਨ,ਪਟਿਆਲਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਡਾ. ਭੀਮ ਇੰਦਰ ਸਿੰਘ(ਡਾਇਰੈਕਟਰ , ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਨੇ ਮੁੱਖ ਮਹਿਮਾਨ ਵਜੋਂ ਅੰਤਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਤੇ ਜਥੇਦਾਰ ਜਸਮੇਰ ਸਿੰਘ ਲਾਛੜੂ ਉਚੇਚੇ ਤੌਰ ’ਤੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਾਲਜ ਪ੍ਰਿੰਸੀਪਲ, ਡਾ. ਹਰਮੀਤ ਕੌਰ ਆਨੰਦ ਕੌਰ ਨੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਕਾਲਜ ਦੇ ਇਸ ਵਿੱਦਿਅਕ ਸੈਸ਼ਨ ਦੌਰਾਨ ਹੋਈਆਂ ਵੱਖ-ਵੱਖ ਸਰਗਰਮੀਆਂ ਤੇ ਪ੍ਰਾਪਤੀਆਂ ਦੇ ਸੰਬੰਧ ਵਿੱਚ ਕਾਲਜ ਦੀ ਸਾਲਾਨਾ ਰਿਪੋਰਟ ਪੜ੍ਹੀ। ਕਾਲਜ ਪ੍ਰਿੰਸੀਪਲ ਨੇ ਸਟਾਫ਼ ਅਤੇ ਵਿਦਿਆਰਥਣਾਂ ਦੀਆਂ ਉੱਘੀਆਂ ਪ੍ਰਾਪਤੀਆਂ, ਕਾਲਜ ਗਤੀਵਿਧੀਆਂ ਅਤੇ ਲੋੜਾਂ ਦਾ ਵੇਰਵਾ ਪੇਸ਼ ਕੀਤਾ। ਉਹਨਾਂ ਨੇ ਇਨਾਮ ਹਾਸਿਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਡਾ. ਭੀਮ ਇੰਦਰ ਸਿੰਘ ਨੇ ਵਿਦਿਆਰਥਣਾਂ ਨੂ



ਪਟਿਆਲਾ-ਆਸ/ਪਾਸ



ਸਫ਼ਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਸ਼ਹਿਰ 'ਚ ਲੱਗੇ ਗੰਦਗੀ ਦੇ ਢੇਰ, ਬਿਮਾਰੀਆਂ ਫੈਲਣ ਦਾ ਡਰ



ਸਮਾਣਾ, 8 ਮਈ (ਵਿਜੇ ਕੁਮਾਰ) : ਸਫ਼ਾਈ ਕਰਮਚਾਰੀ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 6 ਮਈ ਤੋਂ ਸਮਾਣਾ ਵਿੱਚ ਚੱਲ ਰਹੀ ਹੜਤਾਲ ਕਾਰਨ ਸ਼ਹਿਰ ਦੀਆਂ ਮੁੱਖ ਸੜਕਾਂ 'ਤੇ ਕੂੜੇ ਦੇ ਵੱਡੇ-ਵੱਡੇ ਢੇਰ ਲੱਗ ਗਏ ਹਨ। ਇਹ ਗੰਦਗੀ ਦੇ ਢੇਰ ਰਾਹਗੀਰਾਂ ਲਈ ਵੱਡੀ ਮੁਸੀਬਤ ਬਣ ਰਹੇ ਹਨ। ਜੇਕਰ ਜਲਦੀ ਹੀ ਸਫ਼ਾਈ ਕਰਮਚਾਰੀਆਂ ਦੀ ਹੜਤਾਲ ਖ਼ਤਮ ਨਾ ਹੋਈ, ਤਾਂ ਸ਼ਹਿਰ ਵਿੱਚ ਭਿਆਨਕ ਬਿਮਾਰੀਆਂ ਫੈਲਣ ਦਾ ਖ਼ਤਰਾ ਬਣਿਆ ਹੋਇਆ ਹੈ। ਸ਼ਹਿਰ ਦੀਆਂ ਸਲੱਮ ਬਸਤੀਆਂ ਵਿੱਚ ਫੈਲੀ ਗੰਦਗੀ ਕਾਰਨ ਮੱਛਰਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ, ਜਿਸ ਕਾਰਨ ਉੱਥੋਂ ਦੇ ਲੋਕ ਬਿਮਾਰ ਹੋ ਰਹੇ ਹਨ। ਨਗਰ ਕੌਂਸਲ ਸਮਾਣਾ ਦੇ ਦਫ਼ਤਰ ਬਾਹਰ ਧਰਨਾ ਲਗਾ ਕੇ ਬੈਠੇ ਸਫ਼ਾਈ ਕਰਮਚਾਰੀ ਯੂਨੀਅਨ ਦੇ ਆਗੂਆਂ ਨੇ ਜਾਣਕਾਰੀ ਦਿੱਤੀ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਹ ਕੰਮ 'ਤੇ ਨਹੀਂ ਪਰਤਣਗੇ ਅਤੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਜਾਰੀ ਰੱਖਣਗੇ। ਉਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਲੰਮੇ ਸਮੇਂ ਤੋਂ ਕੰਮ ਕਰ ਰਹੇ ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕੀਤਾ ਜਾਵੇ, ਸਫ਼ਾਈ ਦੇ ਕੰਮ ਵਿੱਚੋਂ ਠੇਕੇਦਾਰੀ ਪ੍ਰਥਾ ਨੂੰ ਖ਼ਤਮ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸਮਾਣਾ ਨਗਰ ਕੌਂਸਲ ਅਧੀਨ ਕੰਮ ਕਰ ਰਹੇ ਕਰੀਬ 64 ਕੰਟਰੈਕਟ ਸਫ਼ਾਈ ਸੇਵਕਾਂ ਨੂੰ ਪੱਕਾ ਕੀਤਾ ਜਾਵੇ। ਰੈਗੂਲਰ ਮੁਲਾਜ਼ਮਾਂ ਦੀ ਪਿਛਲੀ ਰਹਿੰਦੀ ਬਕਾਇਆ ਰਾਸ਼ੀ ਜਲਦੀ ਰਿਲੀਜ਼ ਕੀਤੀ ਜਾਵੇ, ਪੁਰਾਣੀ ਪੈਨਸ਼ਨ ਸਕੀਮ ਨੂੰ ਜਲਦ ਬਹਾਲ ਕੀਤਾ ਜਾਵੇ। ਸਫਾਈ ਕਰਮਚਾਰੀਆਂ ਦੀ ਹੜਤਾਲ ਕਾਰਨ ਸਭ ਤੋਂ ਮਾੜੀ ਹਾਲਤ ਸਮਾਣਾ ਦੇ ਪੁਰਾਣੇ ਬੱਸ ਸਟੈਂਡ 'ਤੇ ਬਣੀ ਹੋਈ ਹੈ। ਇੱਥੇ ਕੂੜੇ ਦਾ ਢੇਰ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਥਾਂ ਦੇ ਨੇੜੇ ਹੀ ਸੁਵਿਧਾ ਕੇਂਦਰ, ਦਰਜਨ ਦੇ ਕਰੀਬ ਬੈਂਕ ਅਤੇ ਇਹ ਸ਼ਹਿਰ ਵਿੱਚ ਦਾਖਲ ਹੋਣ ਦਾ ਮੁੱਖ ਰਸਤਾ ਵੀ ਹੈ, ਜਿਸ ਕਾਰਨ ਵਿਦਿਆਰਥੀਆਂ,ਬੈਂਕ ਮੁਲਾਜ਼ਮਾਂ, ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਰਸ਼ਨ ਮਿੱਤਲ ਨੇ ਕਿਹਾ ਕਿ ਸਰਕਾਰ ਨੂੰ ਸਫ਼ਾਈ ਕਰਮਚਾਰੀ ਯੂਨੀਅਨ ਦੀਆਂ ਮੰਗਾਂ ਤੁਰੰਤ ਮੰਨ ਲੈਣੀਆਂ ਚਾਹੀਦੀਆਂ ਹਨ, ਤਾਂ ਜੋ ਹੜਤਾਲ ਖ਼ਤਮ ਹੋ ਸਕੇ ਅਤੇ ਸ਼ਹਿਰ ਦੀ ਵਿਗੜ ਰਹੀ ਸਫ਼ਾਈ ਵਿਵਸਥਾ ਨੂੰ ਮੁੜ ਪਟੜੀ 'ਤੇ ਲਿਆਂਦਾ ਜਾ ਸਕੇ।

ਪਟਿਆਲਾ ਦਿਹਾਤੀ 'ਚ ਇੰਦਰਜੀਤ ਸਿੰਘ ਸੰਧੂ ਵੱਲੋਂ ਵਰਕਰਾਂ ਨੂੰ ਜੋੜਨ ਦੀ ਮੁਹਿੰਮ ਜਾਰੀ



ਪਟਿਆਲਾ, 8 ਮਈ (ਰੁਪਾਣਾ) : ਆਮ ਆਦਮੀ ਪਾਰਟੀ ਦੇ ਵਾਈਸ ਚੇਅਰਮੈਨ ਤੇ ਹਲਕਾ ਸਨੌਰ ਤੋਂ ਇੰਦਰਜੀਤ ਸਿੰਘ ਸੰਧੂ ਵੱਲੋਂ ਪਟਿਆਲਾ ਦਿਹਾਤੀ ਹਲਕੇ ਅੰਦਰ ਪਾਰਟੀ ਵੱਲੋਂ ਲਗਾਈ ਗਈ ਡਿਊਟੀ ਅਨੁਸਾਰ ਵੱਖ-ਵੱਖ ਪਿੰਡਾਂ ਵਿੱਚ ਬੂਥ ਪੱਧਰੀ ਮੀਟਿੰਗਾਂ ਕਰਕੇ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਦੌਰਾਨ ਉਹਨਾਂ ਪਿੰਡ ਦੰਦਰਾਲਾ ਖਰੌੜ, ਪਿੰਡ ਦਿਆਗੜ੍ਹ-ਰੋੜਗੜ੍ਹ, ਪਿੰਡ ਧਨੌਰਾ ਅਤੇ ਪਿੰਡ ਨਵਾਂ ਫਤਿਹਪੁਰ ਵਿੱਚ ਪਹੁੰਚ ਕੇ ਬੂਥ ਕਮੇਟੀਆਂ ਦੀਆਂ ਵਿਸ਼ੇਸ਼ ਮੀਟਿੰਗਾਂ ਲਈਆਂ। ਮੀਟਿੰਗਾਂ ਦੌਰਾਨ ਇੰਦਰਜੀਤ ਸਿੰਘ ਸੰਧੂ ਨੇ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਲਗਾਤਾਰ ਕੰਮ ਕਰ ਰਹੀ ਹੈ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਬੂਥ ਪੱਧਰ ਦਾ ਮਜ਼ਬੂਤ ਢਾਂਚਾ ਬਹੁਤ ਜ਼ਰੂਰੀ ਹੈ। ਇਸ ਮੌਕੇ ਵੱਖ-ਵੱਖ ਪਿੰਡਾਂ ਵਿੱਚ ਵਾਰਡ ਪੱਧਰ 'ਤੇ ਨਵੀਆਂ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ, ਤਾਂ ਜੋ ਪਾਰਟੀ ਦੇ ਸੰਗਠਨ ਨੂੰ ਹੋਰ ਮਜ਼ਬੂਤੀ ਮਿਲ ਸਕੇ। ਇੰਦਰਜੀਤ ਸਿੰਘ ਸੰਧੂ ਨੇ ਕਿਹਾ ਕਿ ਪੰਜਾਬ ਸਰਕਾਰ ਲੋਕ ਭਲਾਈ ਲਈ ਕਈ ਇਤਿਹਾਸਕ ਫੈਸਲੇ ਲੈ ਰਹੀ ਹੈ।

ਡਾ. ਬਲਬੀਰ ਸਿੰਘ ਨੇ 10 ਕਰੋੜ ਰੁਪਏ ਨਾਲ ਬਣੇ ਹੋਸਟਲ ਦਾ ਕੀਤਾ ਉਦਘਾਟਨ

➤'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 2 ਈ-ਆਟੋ ਰਿਕਸ਼ੇ ਕੀਤੇ ਰਵਾਨਾ'

➤49 ਲੱਖ ਦੀ ਲਾਗਤ ਨਾਲ ਵਾਰਡ ਨੰਬਰ 3 'ਚ ਚਾਰ ਗਲੀਆਂ ਬਣਨਗੀਆਂ : ਸਿਹਤ ਮੰਤਰੀ



ਪਟਿਆਲਾ, 8 ਮਈ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ ਬਲਬੀਰ ਸਿੰਘ ਨੇ ਪਟਿਆਲਾ ਵਿੱਚ 10 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਆਧੁਨਿਕ ਸਹੂਲਤਾਂ ਨਾਲ ਲੈਸ ਕੁੜੀਆਂ ਦੇ ਹੋਸਟਲ ਦਾ ਉਦਘਾਟਨ ਕੀਤਾ। ਇਸ ਮੌਕੇ ਅਜੀਤਪਾਲ ਸਿੰਘ ਕੋਹਲੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਓਹਨਾਂ ਕਿਹਾ ਕਿ ਇਹ ਹੋਸਟਲ ਵਿਦਿਆਰਥਣਾਂ ਨੂੰ ਸੁਰੱਖਿਅਤ, ਸੁਵਿਧਾਜਨਕ ਅਤੇ ਆਰਾਮਦਾਇਕ ਰਹਾਇਸ਼ੀ ਸਹੂਲਤਾਂ ਪ੍ਰਦਾਨ ਕਰੇਗਾ। ਹੋਸਟਲ ਵਿੱਚ ਆਧੁਨਿਕ ਕਮਰੇ, ਸਾਫ਼-ਸੁਥਰੀਆਂ ਸਹੂਲਤਾਂ, ਸੁਰੱਖਿਆ ਪ੍ਰਬੰਧ ਅਤੇ ਪੜ੍ਹਾਈ ਲਈ ਉਚਿਤ ਵਾਤਾਵਰਨ ਮੁਹੱਈਆ ਕਰਵਾਇਆ ਗਿਆ ਹੈ, ਤਾਂ ਜੋ ਵਿਦਿਆਰਥਣਾਂ ਨੂੰ ਘਰ ਵਰਗਾ ਮਾਹੌਲ ਮਿਲ ਸਕੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਵਿੱਚ ਸਿਹਤ ਅਤੇ ਸਿੱਖਿਆ ਦੇ ਖੇਤਰ ਨੂੰ ਮਜ਼ਬੂਤ ਅਤੇ ਆਧੁਨਿਕ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਉੱਚ ਦਰਜੇ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਆਪਣੀ ਪੜ੍ਹਾਈ ਅਤੇ ਕਰੀਅਰ ਵਿੱਚ ਅੱਗੇ ਵੱਧ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਦਿਆਰਥੀਆਂ ਲਈ ਨਵੀਆਂ ਯੋਜਨਾਵਾਂ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਵੀ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਹੋਸਟਲ ਵਿਦਿਆਰਥਣਾਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ। ਡਾ ਬਲਬੀਰ ਸਿੰਘ ਵੱਲੋਂ ਅੱਜ ਪਟਿਆਲਾ ਦਿਹਾਤੀ ਖੇਤਰ ਵਿੱਚ ਵਿਕਾਸ ਅਤੇ ਜਾਗਰੂਕਤਾ ਨਾਲ ਸੰਬੰਧਤ ਕਈ ਮਹੱਤਵਪੂਰਨ ਪ੍ਰੋਜੈਕਟਾਂ ਦੀ ਸ਼ੁਰੂਆਤ ਅਤੇ ਉਦਘਾਟਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਵਾਰਡ ਨੰਬਰ 3 ਵਿੱਚ ਲੰਬੇ ਸਮੇਂ ਤੋਂ ਇਲਾਕਾ ਨਿਵਾਸੀਆਂ ਦੀ ਮੰਗ ਰਹੀਆਂ ਗਲੀਆਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਈ। ਉਨ੍ਹਾਂ ਨੇ ਦੱਸਿਆ ਕਿ ਪਟਿਆਲਾ ਦਿਹਾਤੀ ਦੇ ਵਾਰਡ ਨੰਬਰ 3 ਵਿੱਚ ਕਰੀਬ 49.04 ਲੱਖ ਰੁਪਏ ਦੀ ਲਾਗਤ ਨਾਲ ਚਾਰ ਗਲੀਆਂ ਦਾ ਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਗਲੀਆਂ ਦੇ ਬਣਨ ਨਾਲ ਇਲਾਕਾ ਵਾਸੀਆਂ ਨੂੰ ਆਵਾਜਾਈ ਅਤੇ ਸਫ਼ਾਈ ਸੰਬੰਧੀ ਵੱਡੀ ਰਾਹਤ ਮਿਲੇਗੀ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਵਾਰਡ ਅਤੇ ਪਿੰਡ ਵਿੱਚ ਬੁਨਿਆਦੀ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਕਾਸ ਕਾਰਜ ਕਰਵਾ ਰਹੀ ਹੈ। ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਹਤਰ ਸੜਕਾਂ, ਸਫ਼ਾਈ, ਪੀਣ ਵਾਲਾ ਪਾਣੀ ਅਤੇ ਹੋਰ ਆਧਾਰਭੂਤ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਇਸ ਉਪਰੰਤ ਸਿਹਤ ਮੰਤਰੀ ਨੇ ਪਟਿਆਲਾ ਪੈਂਚਾਇਤ ਭਵਨ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਦੋ ਜਾਗਰੂਕਤਾ ਈ-ਆਟੋ ਰਿਕਸ਼ਿਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਹ ਈ-ਆਟੋ ਰਿਕਸ਼ੇ ਪਟਿਆਲਾ ਦਿਹਾਤੀ ਦੇ ਪਿੰਡਾਂ ਅਤੇ ਸ਼ਹਿਰੀ ਇਲਾਕਿਆਂ ਵਿੱਚ ਜਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨਗੇ। ਵਾਹਨਾਂ ਰਾਹੀਂ ਆਡੀਓ ਸੰਦੇਸ਼ਾਂ ਅਤੇ ਪੋਸਟਰਾਂ ਦੁਆਰਾ ਨਸ਼ਾ ਛੱਡਣ ਅਤੇ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਦਾ ਸੰਦੇਸ਼ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਸ਼ਿਕਾਇਤ ਬਕਸਾ ਵੀ ਲਗਾਇਆ ਗਿਆ ਹੈ, ਜਿਸ ਰਾਹੀਂ ਹਰ ਵਿਅਕਤੀ ਆਪਣੀ ਜਾਣਕਾਰੀ, ਸੁਝਾਅ ਜਾਂ ਸ਼ਿਕਾਇਤ ਸਾਂਝੀ ਕਰ ਸਕੇਗਾ। ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਖ਼ਿਲਾਫ਼ ਇਸ ਜੰਗ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੌਕੇ ਚਰਨਜੀਤ ਐਸ ਕੇ, ਐਮ ਜਤਿੰਦਰ ਕੌਰ, ਨਗਰ ਨਿਗਮ ਮੇਅਰ ਕੁੰਦਨ ਗੋਗੀਆ, ਜੁਆਇੰਟ ਕਮਿਸ਼ਨਰ ਮਨਰੀਤ ਰਾਣਾ, ਪੰਜਾਬ ਐਗਰੋ ਫੂਡਗ੍ਰੇਨ ਕਾਰਪੋਰੇਸ਼ਨ ਦੇ ਚੇਅਰਮੈਨ ਬਲਜਿੰਦਰ ਢਿੱਲੋਂ, ਜਸਬੀਰ ਗਾਂਧੀ, ਯਸ਼ਪਾਲ ਸ਼ਰਮਾ, ਸੁਰੇਸ਼ ਰਾਏ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕਾ ਵਾਸੀ ਮੌਜੂਦ ਸਨ।

ਬਾਬਾ ਸੰਤੋਖ ਸਿੰਘ ਵੱਲੋਂ ਮਨਜੀਤ ਸਿੰਘ ਘੁਮਾਣਾ ਦਾ ਸਨਮਾਨ



ਘਨੌਰ, 8 ਮਈ (ਰਾਜਿੰਦਰ ਸਿੰਘ ਕੰਬੋਜ) : ਪਿੰਡ ਨਨਹੇੜਾ ਵਿਖੇ ਜਥੇਦਾਰ ਅਮੀਰ ਸਿੰਘ ਦੀ 15 ਵੀਂ ਬਰਸੀ ਉਹਨਾਂ ਦੇ ਸਪੁੱਤਰ ਮਹਾਂਕਾਲ ਬਾਬਾ ਸੰਤੋਖ ਸਿੰਘ ਜੀ ਵੱਲੋਂ ਮਨਾਈ ਗਈ ਜਿੱਥੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਹਾਜ਼ਰੀ ਲਗਵਾਈ ਗਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਮਨਜੀਤ ਸਿੰਘ ਘੁਮਾਣਾ ਕੌਮੀ ਪ੍ਰਧਾਨ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਭਾਰਤ , ਤੇਜਿੰਦਰ ਸਿੰਘ ਮੱਹੀ ਮੀਤ ਪ੍ਰਧਾਨ ਭਾਰਤ , ਲੱਖਾ ਸਿੰਘ ਕਬੂਲਪੁਰ ਮੀਤ ਪ੍ਰਧਾਨ ਪੰਜਾਬ , ਲੱਖਾ ਸਿੰਘ ਸੈਂਟੀ ਜਨਰਲ ਸਕੱਤਰ ਪੰਜਾਬ ਨੇ ਪਹੁੰਚ ਕੇ ਹਾਜਰੀ ਲਗਵਾਈ। ਇਸ ਮੌਕੇ ਮਹਾਂਕਾਲ ਬਾਬਾ ਸੰਤੋਖ ਸਿੰਘ ਤੇ ਗੁਰਪਿੰਦਰ ਸਿੰਘ ਜੱਗਾ ਸਰਪੰਚ ਨਨਹੇੜਾ ਵੱਲੋਂ ਮਨਜੀਤ ਸਿੰਘ ਘੁਮਾਣਾ ਕੌਮੀ ਪ੍ਰਧਾਨ ਅਤੇ ਉਹਨਾਂ ਦੇ ਸਾਥੀਆਂ ਨੂੰ ਸਰੋਪਿਆਂ ਦੀ ਬਖਸ਼ਿਸ਼ ਦੇ ਕੇ ਸਨਮਾਨ ਕੀਤਾ ਗਿਆ।

ਮੁੱਖ ਮੰਤਰੀ ਮਾਨ ਅੱਜ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣਗੇ

ਰਣਜੋਧ ਸਿੰਘ ਹਡਾਣਾ ਵੱਲੋਂ ਹਲਕਾ ਵਾਸੀਆਂ ਨੂੰ ਸਵਾਗਤ ਦੀ ਅਪੀਲ



ਦੇਵੀਗੜ੍ਹ , 8 ਮਈ (ਗੁਰਜੀਤ ਸਿੰਘ ਢੋਟ) : ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅੱਜ ਪਟਿਆਲਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਣਗੇ। ਮੁੱਖ ਮੰਤਰੀ ਵੱਲੋਂ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਕੱਢੀ ਜਾ ਰਹੀ ਇਸ ਵਿਸ਼ੇਸ਼ ਯਾਤਰਾ ਦੇ ਸਬੰਧ ਵਿੱਚ ਹਲਕਾ ਸਨੌਰ ਦੇ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਹਲਕਾ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਹੈ। ਖ਼ਬਰ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸ. ਹਡਾਣਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੇ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਵਿਸ਼ੇਸ਼ ਕਾਨੂੰਨ ਪਾਸ ਕਰਵਾ ਕੇ ਇੱਕ ਵੱਡੀ ਸੇਵਾ ਨਿਭਾਈ ਹੈ। ਅੱਜ ਦੀ ਇਹ ਯਾਤਰਾ ਇਸੇ ਇਤਿਹਾਸਕ ਕਾਰਜ ਲਈ ਗੁਰੂ ਚਰਨਾਂ ਵਿੱਚ ਸ਼ੁਕਰਾਨਾ ਕਰਨ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਨ ਦੇ ਮਕਸਦ ਨਾਲ ਕੱਢੀ ਜਾ ਰਹੀ ਹੈ। ਸ. ਹਡਾਣਾ ਨੇ ਸਮੂਹ ਹਲਕਾ ਵਾਸੀਆਂ, ਪਾਰਟੀ ਅਹੁਦੇਦਾਰਾਂ ਅਤੇ ਵਲੰਟੀਅਰਾਂ ਨੂੰ ਅਪੀਲ ਕੀਤੀ ਹੈ ਕਿ ਅੱਜ ਸਵੇਰੇ 10 ਵਜੇ ਉਨ੍ਹਾਂ ਦੀ ਰਿਹਾਇਸ਼ ਦੇ ਨੇੜੇ ਸਥਿਤ ਖੰਡਾ ਚੌਕ ਵਿਖੇ ਪਹੁੰਚਣ ਦੀ ਕਿਰਪਾਲਤਾ ਕੀਤੀ ਜਾਵੇ। ਇਸ ਮੌਕੇ ਹਲਕੇ ਦੇ ਸਮੂਹ ਕੌਂਸਲਰ, ਬਲਾਕ ਪ੍ਰਧਾਨ, ਪੰਚ-ਸਰਪੰਚ ਅਤੇ ਭਾਰੀ ਗਿਣਤੀ ਵਿੱਚ ਸੰਗਤ ਹਾਜ਼ਰ ਰਹੇਗੀ।

ਪੰਜਾਬੀ ਯੂਨੀਵਰਸਿਟੀ ਰਿਟਾਇਰਡ ਆਫੀਸਰਜ਼ ਵੈਲਫੇਅਰ ਐਸੋਸੀਏਸ਼ਨ ਦੀ ਨਵੀਂ ਟੀਮ ਨੇ ਸੰਭਾਲਿਆ ਕਾਰਜਭਾਰ



ਪਟਿਆਲਾ, 8 ਮਈ (ਚ.ਨ.ਸ) : ਪੰਜਾਬੀ ਯੂਨੀਵਰਸਿਟੀ ਰਿਟਾਇਰਡ ਆਫੀਸਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ.),ਪਟਿਆਲਾ ਦੀ ਨਵੀਂ ਚੁਣੀ ਗਈ ਕਾਰਜਕਾਰੀ ਟੀਮ ਨੂੰ ਅੱਜ ਇੱਕ ਸਨਮਾਨਪੂਰਵਕ ਸਮਾਗਮ ਦੌਰਾਨ ਸਹੁੰ ਚੁਕਾਈ ਗਈ। ਚੋਣ ਕਮਿਸ਼ਨਰ ਸ੍ਰੀ ਇੰਦਰਜੀਤ ਸਿੰਘ ਚੋਪੜਾ ਵੱਲੋਂ ਸੰਵਿਧਾਨਿਕ ਮਰਿਆਦਾ ਅਨੁਸਾਰ ਐਸੋਸੀਏਸ਼ਨ ਦੇ ਨਵੇਂ ਪ੍ਰਧਾਨ ਸ੍ਰੀ ਰਾਜਿੰਦਰ ਕੁਮਾਰ ਰੋਹਿਲਾ ਅਤੇ ਮੀਤ ਪ੍ਰਧਾਨ ਅਵਤਾਰ ਸਿੰਘ ਨੂੰ ਅਹੁਦੇ ਦੀ ਸੌਂਹ ਦਿਵਾਈ ਗਈ। ਇਸ ਮੌਕੇ ਪ੍ਰਧਾਨ ਸ੍ਰੀ ਰਾਜਿੰਦਰ ਕੁਮਾਰ ਰੋਹਿਲਾ ਵੱਲੋਂ ਐਸੋਸੀਏਸ਼ਨ ਦੇ ਸੰਵਿਧਾਨ ਦੀ ਵਿਵਸਥਾ ਅਨੁਸਾਰ ਮੀਤ ਪ੍ਰਧਾਨ ਦੀ ਸਲਾਹ ਨਾਲ ਹੋਰ ਅਹੁਦੇਦਾਰਾਂ ਅਤੇ ਕਾਰਜਕਾਰੀ ਮੈਂਬਰਾਂ ਨੂੰ ਨਾਮਜ਼ਦ ਕੀਤਾ ਗਿਆ। ਨਵੀਂ ਟੀਮ ਵਿੱਚ ਗੱਜਣ ਸਿੰਘ ਨੂੰ ਜਨਰਲ ਸਕੱਤਰ, ਮਨਜੀਤ ਸਿੰਘ ਭਾਟੀਆ ਨੂੰ ਜੁਆਇ